ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 115 Friday, June 19, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਐਨ ਡੀ ਪੀ ਦੀ ਮਦਦ ਨਾਲ ਆਪਣਾ ਵਜੂਦ ਬਚਾਉਣ 'ਚ ਕਾਮਯਾਬ ਰਹੀ ਲਿਬਰਲ ਸਰਕਾਰ



ਓਟਵਾ, 18 ਜੂਨ (ਪੋਸਟ ਬਿਊਰੋ) : ਐਨਡੀਪੀ ਦੀ ਮਦਦ ਨਾਲ ਹਾਊਸ ਆਫ ਕਾਮਨਜ਼ ਵਿੱਚ ਕਲ੍ਹ ਖਰਚਿਆਂ ਸਬੰਧੀ ਮਲਟੀਬਿਲੀਅਨ ਡਾਲਰ ਦਾ ਬਿੱਲ ਪਾਸ ਕਰਵਾਕੇ ਫੈਡਰਲ ਲਿਬਰਲ ਸਰਕਾਰ ਗਰਮੀਆਂ ਵਿੱਚ ਚੋਣਾਂ ਕਰਵਾਉਣ ਤੋਂ ਬਚ ਗਈ ਹੈ।

ਇੰਜ ਲੱਗਦਾ ਹੈ ਕਿ ਲਿਬਰਲਾਂ ਵੱਲੋਂ ਕੋਵਿਡ-19 ਸਬੰਧੀ ਏਡ ਪ੍ਰੋਗਰਾਮ, ਦ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ, ਵਿੱਚ ਕੀਤੇ ਵਾਧੇ ਸਦਕਾ ਉਨ੍ਹਾਂ ਨੂੰ ਐਨਡੀਪੀ ਦਾ ਸਮਰਥਨ ਹਾਸਲ ਹੋਇਆ। ਆਪਣੇ ਇਸ ਫੈਸਲੇ ਸਦਕਾ ਲਿਬਰਲ ਸਰਕਾਰ ਆਪਣਾ ਵਜੂਦ ਬਚਾਉਣ ਵਿੱਚ ਵੀ ਕਾਮਯਾਬ ਰਹੀ। ਬਦਲੇ ਵਿੱਚ ਐਨਡੀਪੀ ਨੇ 87 ਬਿਲੀਅਨ ਡਾਲਰ ਦੇ ਖਰਚਿਆਂ ਸਬੰਧੀ ਅੰਦਾਜ਼ੇ ਵਾਸਤੇ ਸਰਕਾਰ ਦਾ ਸਮਰਥਨ ਕੀਤਾ। ਸਰਕਾਰ ਹੁਣ ਇਸ ਰਕਮ ਵਿੱਚੋਂ ਬਹੁਤੀ ਨੂੰ ਕੈਨੇਡੀਅਨਾਂ ਤੇ ਕਾਰੋਬਾਰਾਂ ਉੱਤੇ ਖਰਚ ਕਰੇਗੀ। ਇਸ ਰਕਮ ਵਿੱਚੋਂ ਵੀ ਸਿਰਫ 6 ਬਿਲੀਅਨ ਡਾਲਰ ਦੀ ਰਕਮ ਨਾਲ ਨਵੇਂ ਖਰਚੇ ਕੀਤੇ ਜਾਣਗੇ, 81 ਬਿਲੀਅਨ ਡਾਲਰ ਤਾਂ ਪਹਿਲਾਂ ਹੀ ਪਾਰਲੀਆਮੈਂਟ ਵੱਲੋਂ ਮਨਜ਼ੂਰ ਕੀਤੇ ਜਾ ਚੁੱਕੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਹਾਊਸ ਆਫ ਕਾਮਨਜ਼ ਵਿੱਚ ਲਿਬਰਲਾਂ ਕੋਲ ਘੱਟ ਸੀਟਾਂ ਹਨ, ਉਨ੍ਹਾਂ ਨੂੰ ਖਰਚਿਆਂ ਸਬੰਧੀ ਬਿੱਲ ਨੂੰ ਪਾਸ ਕਰਵਾਉਣ ਲਈ ਘੱਟੋ ਘੱਟ ਇੱਕ ਪਾਰਟੀ ਦੇ ਸਮਰਥਨ ਦੀ ਲੋੜ ਸੀ ਜਾਂ ਫਿਰ ਲਿਬਰਲਾਂ ਸਿਰ ਦੇਸ਼ ਵਿੱਚ ਮੁੜ ਚੋਣਾਂ ਕਰਵਾਉਣ ਦੀ ਤਲਵਾਰ ਲਟਕ ਰਹੀ ਸੀ। ਅਜਿਹਾ ਕੋਈ ਵੀ ਬਿੱਲ ਜਿਸ ਵਿੱਚ ਸਰਕਾਰ ਵੱਲੋਂ ਕੀਤਾ ਜਾਣ ਵਾਲਾ ਖਰਚਾ ਸ਼ਾਮਲ ਹੋਵੇ ਉਸ ਨੂੰ ਭਰੋਸੇ ਦਾ ਮਾਮਲਾ ਹੀ ਮੰਨਿਆ ਜਾਂਦਾ ਹੈ। ਹਾਊਸ ਆਫ ਕਾਮਨਜ਼ ਵਿੱਚ ਭਰੋਸੇ ਦਾ ਵੋਟ ਹਾਸਲ ਨਾ ਕਰ ਸਕਣ ਵਾਲੀ ਸਰਕਾਰ ਨੂੰ ਹਾਰਿਆ ਹੋਇਆ ਮੰਨਿਆ ਜਾਂਦਾ ਹੈ।

# ਜਗਮੀਤ ਸਿੰਘ ਮੁਆਫੀ ਮੰਗਣ ਜਾਂ ਉਨ੍ਹਾਂ ਨੂੰ ਭੁਗਤਣੇ ਪੈਣਗੇ ਮਾੜੇ ਨਤੀਜੇ : ਬਲੈਂਚੈਟ



ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਬਲਾਕ ਕਿਊਬਿਕੁਆ ਆਗੂ ਯਵੇਸ-ਫਰੈਂਕੋਇਸ ਬਲੈਂਚੈਟ ਨੂੰ ਪੂਰੀ ਆਸ ਹੈ ਕਿ ਹਾਊਸ ਆਫ ਕਾਮਨਜ਼ ਵਿੱਚ ਬਲਾਕ ਐਮਪੀ ਨੂੰ ਨਸਲਵਾਦੀ ਦੱਸਣ ਵਾਲੇ ਐਨਡੀਪੀ ਦੇ ਆਗੂ ਜਗਮੀਤ ਸਿੰਘ ਜਲਦ ਮੁਆਫੀ ਮੰਗ ਲੈਣਗੇ।

ਬਲਾਕ ਐਮਪੀ ਐਲੇਨ ਥੈਰੇਨ ਨੂੰ ਨਸਲਵਾਦੀ ਦੱਸਣ ਲਈ ਕੱਲ੍ਹ ਜਗਮੀਤ ਸਿੰਘ ਨੂੰ ਹਾਊਸ ਆਫ ਕਾਮਨਜ਼ ਵਿੱਚੋਂ ਬਾਹਰ ਕਰ ਦਿੱਤਾ ਗਿਆ। ਆਰਸੀਐਮਪੀ ਦੇ ਪੂਰੇ ਸਿਸਟਮ ਵਿੱਚ ਹੀ ਨਸਲਵਾਦ ਦੱਸਦਿਆਂ ਹੋਇਆ ਇਸ ਸਬੰਧੀ ਮਤਾ ਲਿਆਉਣ ਵਾਲੇ ਜਗਮੀਤ ਸਿੰਘ ਨੇ ਉਸ ਸਮੇਂ ਬਲਾਕ ਕਿਊਬਿਕੁਆ ਦੇ ਹਾਊਸ ਲੀਡਰ ਨੂੰ ਨਸਲਵਾਦੀ ਦੱਸਿਆ ਜਦੋਂ ਉਨ੍ਹਾਂ ਇਸ ਮਤੇ ਨੂੰ ਰੋਕ ਦਿੱਤਾ।

ਅੱਜ ਸਵੇਰੇ ਓਟਵਾ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲੈਂਚੈਟ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਐਨਡੀਪੀ ਆਗੂ ਆਪਣੀ ਆਖੀ ਗੱਲ ਲਈ ਮੁਆਫੀ ਮੰਗਣਗੇ ਤੇ ਜੇ ਉਹ ਅਜਿਹਾ ਨਹੀਂ ਕਰਨਗੇ ਤਾਂ ਹਾਊਸ ਆਫ ਕਾਮਨਜ਼ ਦੇ ਪ੍ਰੈਜ਼ੀਡੈਂਟ ਨੂੰ ਇਸ ਮਾਮਲੇ ਨਾਲ ਨਜਿੱਠਣ ਲਈ ਸਖ਼ਤ ਹੋਣਾ ਪਵੇਗਾ। ਜੇ ਅਜਿਹਾ ਨਹੀਂ ਹੁੰਦਾ ਤਾਂ ਹਰ ਕੋਈ ਹਾਊਸ ਆਫ ਕਾਮਨਜ਼ ਵਿੱਚ ਖੜ੍ਹਾ ਹੋ ਕੇ ਇਹੋ ਜਿਹਾ ਹੀ ਵਿਵਹਾਰ ਕਰੇਗਾ ਤੇ ਕਿਸੇ ਦੀ ਵੀ ਬੇਇਜਤੀ ਕਰਨ ਵਿਚ ਸਰਮ ਮਹਿਸੂਸ ਨਹੀਂ ਕਰੇਗਾ ਤੇ ਇਸੇ ਤਰ੍ਹਾਂ ਦੂਜਿਆਂ ਉਤੇ ਦੋਸ ਮੜ੍ਹਦਾ ਰਹੇਗਾ।

ਇਸ ਤੋਂ ਪਹਿਲਾਂ ਜਗਮੀਤ ਸਿੰਘ ਨੇ ਆਪਣੇ ਵੱਲੋਂ ਕੀਤੀਆਂ ਟਿੱਪਣੀਆਂ ਦਾ ਪੱਖ ਪੂਰਿਆ ਤੇ ਆਖਿਆ ਕਿ ਜੋ ਉਨ੍ਹਾਂ ਆਖਿਆ ਕਿ ਹੈ ਉਹ ਉਸ ਉੱਤੇ ਕਾਇਮ ਰਹਿਣਗੇ ਤੇ ਇਸ ਲਈ ਉਨ੍ਹਾਂ ਨੂੰ ਜੋ ਵੀ ਮਾੜੇ ਨਤੀਜੇ ਭੁਗਤਣੇ ਪੈਣਗੇ ਉਹ ਉਸ ਲਈ ਵੀ ਤਿਆਰ ਹਨ। ਉਨ੍ਹਾਂ ਆਖਿਆ ਕਿ ਉਹ ਸੱਚਮੁੱਚ ਹੀ ਪੁਲਿਸ ਵਿਭਾਗ ਵਿੱਚ ਤਬਦੀਲੀ ਵੇਖਣੀ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਨੂੰ ਕਿਸੇ ਮੂਲਵਾਸੀ ਨੂੰ ਬੇਰਹਿਮੀ ਨਾਲ ਕੁੱਟਦਿਆਂ ਮਾਰਦਿਆਂ ਨਾ ਵੇਖਣਾ ਪਵੇ।

# ਬਰੈਂਪਟਨ ਹਾਦਸੇ ਵਿੱਚ ਮਾਂ ਤੇ ਤਿੰਨ ਨਿੱਕੀਆਂ ਬੱਚੀਆਂ ਦੀ ਗਈ ਜਾਨ



ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਬਰੈਂਪਟਨ, ਓਨਟਾਰੀਓ ਵਿੱਚ ਵੀਰਵਾਰ ਨੂੰ ਹੋਏ ਹਾਦਸੇ ਵਿੱਚ ਇੱਕ 37 ਸਾਲਾ ਮਹਿਲਾ ਤੇ ਉਸ ਦੀਆਂ ਤਿੰਨ ਬੇਟੀਆਂ ਦੀ ਮੌਤ ਹੋ ਗਈ। ਦੁਪਹਿਰ ਤੋਂ ਬਾਅਦ ਕੰਟਰੀਸਾਈਡ ਡਰਾਈਵ ਤੇ ਟੌਰਬਰੈਮ ਰੋਡ ਉੱਤੇ ਚਾਰ ਗੱਡੀਆਂ ਦੀ ਆਪਸ ਵਿੱਚ ਹੋਈ ਟੱਕਰ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ...ਬਾਕੀ ਪੰਨਾ 6 'ਤੇ

# ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਊਂਸਲ 'ਚ ਸੀਟ ਪੱਕੀ ਨਹੀਂ ਕਰ ਸਕਿਆ ਕੈਨੇਡਾ



ਓਟਵਾ, 18 ਜੂਨ (ਪੋਸਟ ਬਿਊਰੋ) : ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਊਂਸਲ ਵਿੱਚ ਆਪਣੀ ਸੀਟ ਪੱਕੀ ਕਰਨ ਵਿੱਚ ਇੱਕ ਵਾਰੀ ਫਿਰ ਕੈਨੇਡਾ ਪਿੱਛੇ ਰਹਿ ਗਿਆ ਹੈ। ਇਸ ਸਬੰਧ ਵਿੱਚ ਹੋਈ ਵੋਟਿੰਗ ਵਿੱਚ ਕੈਨੇਡਾ, ਨੌਰਵੇ ਤੇ ਆਇਰਲੈਂਡ ਤੋਂ ਮਾਤ ਖਾ ਗਿਆ।

ਵਿਸ਼ਵ ਦੀ ਸੱਭ ਤੋਂ ਤਾਕਤਵਰ ਸੰਸਥਾ ਵਿੱਚ ਸੀਟ ਹਾਸਲ ਕਰਨ ਦੀ ਇਹ ਕੈਨੇਡਾ ਦੀ ਲਗਾਤਾਰ ਦੂਜੀ ਕੋਸ਼ਿਸ਼ ਹੈ ਜੋ ਕਿ ਨਾਕਾਮ ਰਹੀ ਹੈ। ਇਸ ਤੋਂ ਦੇਸ਼ ਦੇ ਘੱਟ ਰਹੇ ਪ੍ਰਭਾਵ ਦਾ ਅੰਦਾਜ਼ਾ ਵੀ ਲਾਇਆ ਜਾ ਸਕਦਾ ਹੈ। ਲਿਬਰਲ ਸਰਕਾਰ ਤੋਂ ਪਹਿਲਾਂ ਸਾਬਕਾ ਕੰਜ਼ਰਵੇਟਿਵ ਸਰਕਾਰ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨਾਲ 2010 ਵਿੱਚ ਵੀ ਇਹ ਸੀਟ ਹਾਸਲ ਕਰਨ ਦੀ ਨਾਕਾਮ ਕੋਸ਼ਿਸ਼ ਕਰ ਚੁੱਕੀ ਹੈ।

ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਕਾਇਮ ਹੋਣ ਤੋਂ ਬਾਅਦ ਤੋਂ ਲੈ ਕੇ ਲੱਗਭਗ ਹਰੇਕ ਦਹਾਕੇ ਵਿੱਚ ਕੈਨੇਡਾ ਲੜੀਵਾਰ ਛੇ ਵਾਰੀ ਇਹ ਸੀਟ ਹਾਸਲ ਕਰ ਚੁੱਕਿਆ ਹੈ। ਐਨਡੀਪੀ ਦੇ ਵਿਦੇਸ਼ੀ ਮਾਮਲਿਆਂ ਬਾਰੇ ਕ੍ਰਿਟਿਕ ਜੈਕ ਹੈਰਿਸ ਨੇ ਆਖਿਆ ਕਿ ਇਹ ਲਿਬਰਲਾਂ ਲਈ ਨੀਂਦੋਂ ਜਾਗਣ ਦਾ ਸੰਕੇਤ ਹੈ ਤੇ ਕੈਨੇਡੀਅਨਾਂ ਲਈ ਇਹ ਸੁਨੇਹਾ ਹੈ ਕਿ ਅਸੀਂ ਬਹੁਤ ਕੁਝ ਨਹੀਂ ਕਰ ਰਹੇ।

# 2 ਜੁਲਾਈ ਤੋਂ ਟੀਟੀਸੀ ਵਿੱਚ ਸਫਰ ਕਰਨ ਵਾਲਿਆਂ ਨੂੰ ਪਾਉਣੇ ਹੋਣਗੇ ਮਾਸਕ



ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਦ ਟੋਰਾਂਟੋ ਟਰਾਂਜ਼ਿਟ ਕਮਿਸ਼ਨਜ਼ ਬੋਰਡ ਵੱਲੋਂ ਕਲ੍ਹ ਵੋਟ ਕਰਕੇ ਇਹ ਫੈਸਲਾ ਕੀਤਾ ਗਿਆ ਕਿ 2 ਜੁਲਾਈ ਤੋਂ ਸ਼ੁਰੂ ਹੋ ਕੇ ਉਨ੍ਹਾਂ ਦੇ ਸਾਰੇ ਗਾਹਕ ਮਾਸਕ ਪਾਉਣਾ ਯਕੀਨੀ ਬਣਾਉਣਗੇ।

ਟੀਟੀਸੀ ਨੇ ਆਖਿਆ ਕਿ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਮੈਡੀਕਲ ਦਿੱਕਤਾਂ ਵਾਲੇ ਵਿਅਕਤੀਆਂ ਜਾਂ ਫਿਰ ਮਾਸਕ ਪਾ ਸਕਣ ਜਾਂ ਉਤਾਰ ਸਕਣ ਤੋਂ ਅਸਮਰੱਥ ਵਿਅਕਤੀਆਂ ਨੂੰ ਮਾਸਕ ਪਾਉਣ ਤੋਂ ਛੋਟ ਹੋਵੇਗੀ। ਪਰ ਟਰਾਂਜ਼ਿਟ ਏਜੰਸੀ ਨੇ ਆਖਿਆ ਕਿ ਮਈ ਦੇ ਮੱਧ ਤੋਂ ਇਸ ਰੁਝਾਨ ਦੀ ਉਨ੍ਹਾਂ ਵੱਲੋਂ ਸਿਫਾਰਿਸ਼ ਕੀਤੀ ਜਾ ਰਹੀ ਹੈ। ਉਦੋਂ ਤੋਂ ਹੀ ਰਾਈਡਰਜ਼ ਵੱਲੋਂ ਮਾਸਕ ਪਾਉਣ ਦਾ ਸਿਲਸਿਲਾ ਵੱਧਦਾ ਜਾ ਰਿਹਾ ਹੈ।

ਟੀਟੀਸੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਸਿਟੀ ਦੇ ਪਾਵਰਟੀ ਰਿਡਕਸ਼ਨ ਆਫਿਸ (poverty reduction office) ਨਾਲ ਭਾਈਵਾਲੀ ਕਰਕੇ 29 ਜੂਨ ਤੋਂ ਇੱਕ ਮਿਲੀਅਨ ਮਾਸਕ ਵੰਡਣ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਉਹ ਇਸ ਫੈਸਲੇ ਦਾ ਸਮਰਥਨ ਕਰਦੇ ਹਨ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
Late Evening and Weekends Appointments Available 1888 864 3131
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can (905)793-2202 Place Your Business Here To Reach Wider Audience

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏੜੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598







**FRESH & LARGE VARIETY**
**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਓਨਟਾਰੀਓ ਪੁਲਿਸ ਦੇ ਹੱਥ ਲੱਗੀ ਫੈਂਟਾਨਿਲ ਦੀ ਵੱਡੀ ਖੇਪ



ਟੋਰਾਂਟੋ, 18 ਜੂਨ (ਪੋਸਟ ਬਿਊਰੋ) :ਪਿਛਲੇ ਮਹੀਨੇ ਮਾਰੇ ਗਏ ਛਾਪਿਆਂ ਦੌਰਾਨ ਓਨਟਾਰੀਓ ਪੁਲਿਸ ਦੇ ਹੱਥ 120,000 ਫੈਂਟਾਨਿਲ ਪਿਲਜ਼ ਤੇ 70 ਕਿੱਲੋ ਪਾਊਡਰ ਲੱਗਿਆ।

ਪ੍ਰੋਜੈਕਟ ਜੈਵੇਲਿਨ ਨਾਲ ਸ਼ੁਰੂ ਕੀਤੀ ਗਈ ਇਸ ਜਾਂਚ ਵਿੱਚ ਓਪੀਪੀ ਤੇ ਟੋਰਾਂਟੋ ਏਰੀਆ ਦੀਆਂ ਕਈ ਹੋਰ ਪੁਲਿਸ ਸਰਵਿਸਿਜ਼ ਸ਼ਾਮਲ ਸਨ। ਇਹ ਪ੍ਰੋਜੈਕਟ ਅਪਰੈਲ ਵਿੱਚ ਸ਼ੁਰੂ ਕੀਤਾ ਗਿਆ। ਪੁਲਿਸ ਨੂੰ ਓਨਟਾਰੀਓ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਫੈਂਟਾਨਿਲ ਦੀਆਂ 325 ਐਮਜੀ ਦੀਆਂ ਪਿਲਜ਼ ਦੀ ਸਮਗਲਿੰਗ ਕੀਤੇ ਜਾਣ ਬਾਰੇ ਗੁਪਤ ਜਾਣਕਾਰੀ ਮਿਲੀ ਸੀ।

ਹੈਰੋਇਨ ਤੋਂ 50 ਗੁਣਾਂ ਜ਼ਿਆਦਾ ਨਸ਼ੇ ਵਾਲੀ ਫੈਂਟਾਨਿਲ ਕਾਰਨ ਦੋਵਾਂ ਪ੍ਰੋਵਿੰਸਾਂ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਸੈਂਕੜੇ ਮੌਤਾਂ ਹੋਈਆਂ ਹਨ। 27 ਮਈ ਨੂੰ ਬੀਸੀ ਪੁਲਿਸ ਵੱਲੋਂ ਫੈਂਟਾਨਿਲ ਦੀਆਂ ਗੋਲੀਆਂ ਦੀ ਵੱਡੀ ਖੇਪ ਫੜੀ ਗਈ। ਇਹ ਗੋਲੀਆਂ ਟੇਵਾ ਫਾਰਮਾਸਿਊਟੀਕਲਜ਼ ਦੀਆਂ ਟੇਵਾ ਆਕਸੀਕੋਸੈਟ 5 ਐਮਜੀ/325 ਐਮਜੀ ਪਿਲਜ਼ ਵਰਗੀਆਂ ਲੱਗਦੀਆਂ ਹਨ। ਇਸ ਤੋਂ ਤਿੰਨ ਦਿਨ ਬਾਅਦ ਓਨਟਾਰੀਓ ਪੁਲਿਸ ਨੇ ਚਾਰ ਛਾਪੇ ਬਰਲਿੰਗਟਨ ਵਿੱਚ ਮਾਰੇ ਤੇ ਇੱਕ ਓਕਵਿੱਲੇ ਵਿੱਚ ਮਾਰਿਆ। ਇਥੋਂ ਪੁਲਿਸ ਨੂੰ ਇਸ ਘਾਤਕ ਨਸ਼ੀਲੇ ਪਦਾਰਥ ਦੀ ਵੱਡੀ ਮਾਤਰਾ, ਇੰਡਸਟਰੀਅਲ ਮਿਕਸਰ, ਪਿੱਲ ਪਰੈੱਸਰ ਤੇ ਹੋਰ ਟੂਲ ਵੀ ਮਿਲੇ।

ਪੁਲਿਸ ਨੂੰ ਕਥਿਤ ਤੌਰ ਉੱਤੇ ਇਥੋਂ 123,700 ਨਕਲੀ 325 ਐਮਜੀ ਆਕਸੀਕੋਸੈਟ ਟੇਬਲੈਟਸ, 70 ਕਿੱਲੋ ਫੈਂਟਾਨਿਲ ਪਾਊਡਰ, ਤਿੰਨ ਕਮਰਸ਼ੀਅਲ ਮਿਕਸਰ, ਪਿੱਲ ਕੋਟਿੰਗ ਮਸ਼ੀਨ, ਦੋ ਪਿੱਲ ਪ੍ਰੈਸਰਜ਼ ਟੇਵਾ ਪਿਲ ਦੇ ਲੇਬਲ ਵਾਲੀਆਂ ਨਕਲੀ ਬੋਤਲਾਂ, 300 ਕਿਲੋ ਪਾਊਡਰ ਤੇ 20,000 ਡਾਲਰ ਨਕਦ ਬਰਾਮਦ ਹੋਏ। ਇਸ ਸਬੰਧ ਵਿੱਚ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਤੇ ਬਾਅਦ ਵਿੱਚ ਉਨ੍ਹਾਂ ਨੂੰ ਲੋੜੀਂਦੀ ਕਾਰਵਾਈ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਇਸ ਸਮਗਲਿੰਗ ਦੌਰਾਨ ਫੜ੍ਹੇ ਗਏ ਵਿਅਕਤੀਆਂ ਦੀ ਪਛਾਣ ਬਰਲਿੰਗਟਨ ਦੇ 34 ਸਾਲਾ ਐਡਿਨ ਸੈਫਿਕ ਅਤੇ 30 ਸਾਲਾ ਹਾਲਿਦ ਸੈਫਿਕ ਤੋਂ ਇਲਾਵਾ ਟੋਰਾਂਟੋ ਦੇ 54 ਸਾਲਾ ਰਿਚਰਡ ਐਟਨਸੌਫ ਕੀਤੀ ਗਈ ਹੈ।

# ਫੈਡਰਲ ਸਰਕਾਰ ਜਲਦ ਹੀ ਸ਼ੁਰੂ ਕਰੇਗੀ ਮੋਬਾਈਲ ਕਾਂਟੈਕਟ ਟਰੇਸਿੰਗ ਐਪ

ਓਟਵਾ, 18 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਐਲਾਨ ਕੀਤਾ ਹੈ ਕਿ ਫੈਡਰਲ ਸਰਕਾਰ ਮੁਕੰਮਲ ਤੌਰ ਉੱਤੇ ਵਾਲੰਟੈਰੀ ਮੋਬਾਈਲ ਕਾਂਟੈਕਟ ਟਰੇਸਿੰਗ ਐਪ ਜਲਦ ਸ਼ੁਰੂ ਕਰਨ ਜਾ ਰਹੀ ਹੈ, ਇਸ ਐਪ ਨੂੰ ਦੇਸ਼ ਭਰ ਵਿੱਚ ਵਰਤਿਆ ਜਾ ਸਕੇਗਾ। ਇਹ ਐਪ ਕੋਵਿਡ-19 ਪਾਜ਼ੀਟਿਵ ਕੇਸਾਂ ਬਾਰੇ ਕੈਨੇਡੀਅਨਾਂ ਨੂੰ ਉਦੋਂ ਦੱਸੇਗਾ ਜਦੋਂ ਵਾਇਰਸ ਤੋਂ ਪ੍ਰਭਾਵਿਤ ਵਿਅਕਤੀ ਉਨ੍ਹਾਂ ਦੇ ਨੇੜੇ ਤੇੜੇ ਹੋਵੇਗਾ।

ਟਰੂਡੋ ਨੇ ਆਖਿਆ ਕਿ ਹੁਣ ਕੈਨੇਡੀਅਨਾਂ ਵੱਲੋਂ ਨੌਰਮਲ ਜ਼ਿੰਦਗੀ ਵੱਲ ਵਧਣਾ ਸ਼ੁਰੂ ਕੀਤਾ ਗਿਆ ਹੈ ਤੇ ਪ੍ਰਧਾਨ ਮੰਤਰੀ ਨੇ ਆਖਿਆ ਕਿ ਇਹ ਐਪ ਪਬਲਿਕ ਹੈਲਥ ਵੱਲ ਚੁੱਕਿਆ ਜਾਣ ਵਾਲਾ ਅਹਿਮ ਕਦਮ ਹੈ। ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਇਹ ਪੂਰੀ ਤਰ੍ਹਾਂ ਨਾਲ ਵਾਲੰਟੈਰੀ ਐਪ ਹੋਵੇਗਾ।




ਇਹ ਹਰੇਕ ਕੈਨੇਡੀਅਨ ਉੱਤੇ ਨਿਰਭਰ ਕਰੇਗਾ ਕਿ ਉਸ ਨੇ ਇਹ ਐਪ ਡਾਊਨਲੋਡ ਕਰਨਾ ਹੈ ਜਾਂ ਨਹੀ। ਪਰ ਇਹ ਐਪ ਉਸ ਸਮੇਂ ਹੀ ਵਧੇਰੇ ਫਾਇਦੇਮੰਦ ਹੋਵੇਗਾ ਜਦੋਂ ਵੱਧ ਤੋਂ ਵੱਧ ਲੋਕਾਂ ਕੋਲ ਇਹ ਹੋਵੇਗਾ।

ਪ੍ਰਧਾਨ ਮੰਤਰੀ ਨੇ ਅੱਗੇ ਆਖਿਆ ਕਿ ਕੈਨੇਡੀਅਨ ਡਿਜੀਟਲ ਸਰਵਿਸ, ਜੋ ਕਿ ਫੈਡਰਲ ਸੰਸਥਾ ਹੈ, ਨਵੇਂ ਸਾਫਟਵੇਅਰ ਬਾਬਤ ਸ਼ੌਪੀਫਾਇ, ਬਲੈਕਬੈਰੀ ਤੇ ਓਨਟਾਰੀਓ ਦੀ ਸਰਕਾਰ ਨਾਲ ਰਲ ਕੇ ਕੰਮ ਕਰੇਗੀ। ਅੱਜ ਦੁਪਹਿਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਇਸ ਐਪ ਬਾਰੇ ਹੋਰ ਚਾਨਣਾ ਪਾਉਣਗੇ। ਟਰੂਡੋ ਨੇ ਆਖਿਆ ਕਿ ਉਹ ਫੋਰਡ ਸਰਕਾਰ ਵੱਲੋਂ ਵਿਖਾਈ ਜਾ ਰਹੀ ਲੀਡਰਸ਼ਿਪ ਅਤੇ ਨਿਭਾਈ ਜਾਣ ਵਾਲੀ ਭਾਈਵਾਲੀ ਲਈ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨਾ ਚਾਹੁੰਦੇ ਹਨ।

ਟਰੂਡੋ ਨੇ ਆਖਿਆ ਕਿ ਹੋਰ ਪ੍ਰੋਵਿੰਸਾਂ, ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ, ਵੀ ਫੈਡਰਲ ਸਰਕਾਰ ਨਾਲ ਇਸ ਐਪ ਉੱਤੇ ਕੰਮ ਕਰ ਰਹੀਆਂ ਹਨ। ਪਰ ਆਉਣ ਵਾਲੇ ਹਫਤਿਆਂ ਵਿੱਚ ਇਹ ਹਰ ਕਿਸੇ ਨੂੰ ਉਪਲਬਧ ਹੋਵੇਗਾ।

# ਆਵਾਜਾਈ ਉੱਤੇ ਪਾਬੰਦੀਆਂ ਦੇ ਬਾਵਜੂਦ ਹਜ਼ਾਰਾਂ ਸੈਲਾਨੀ ਅਜੇ ਵੀ ਕੈਨੇਡਾ ਦਾਖਲ ਹੋਣ ਦੀ ਕਰ ਰਹੇ ਹਨ ਕੋਸ਼ਿਸ਼

ਵਿਕਟੋਰੀਆ, 18 ਜੂਨ (ਪੋਸਟ ਬਿਊਰੋ) : ਕੈਨੇਡੀਅਨ ਬਾਰਡਰ ਏਜੰਟਸ ਵੱਲੋਂ 7500 ਦੇ ਨੇੜੇ ਤੇੜੇ ਵਿਦੇਸ਼ੀ ਸੈਲਾਨੀਆਂ, ਜਿਨ੍ਹਾਂ ਵਿੱਚੋਂ ਬਹੁਤੇ ਅਮਰੀਕੀ ਸਨ, ਨੂੰ ਵਾਪਿਸ ਭੇਜ ਦਿੱਤਾ ਗਿਆ ਹੈ। ਇਹ ਸਾਰੇ ਗੈਰ ਜ਼ਰੂਰੀ ਕਾਰਨਾਂ ਕਰਕੇ ਕੈਨੇਡਾ ਦਾ ਦੌਰਾ ਕਰਨਾ ਚਾਹੁੰਦੇ ਸਨ। ਜਦੋਂ ਤੋਂ ਮਹਾਂਮਾਰੀ ਕਾਰਨ ਟਰੈਵਲ ਸਬੰਧੀ ਪਾਬੰਦੀਆਂ ਲਾਈਆਂ ਗਈਆਂ ਹਨ ਉਦੋਂ ਤੋਂ ਇਹ ਲੋਕ ਕੈਨੇਡਾ ਵਿੱਚ ਵੰਨ-ਸੁਵੰਨੇ ਨਜ਼ਾਰੇ ਵੇਖਣ, ਸ਼ਾਪਿੰਗ ਕਰਨ ਤੇ ਮਨੋਰੰਜਨ ਆਦਿ ਲਈ ਆਉਣਾ ਚਾਹੁੰਦੇ ਸਨ।




ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਉਪਲਬਧ ਕਰਵਾਏ ਗਏ ਤਾਜ਼ਾ ਅੰਕੜਿਆਂ ਅਨੁਸਾਰ 22 ਮਾਰਚ ਤੋਂ 16 ਜੂਨ ਤੱਕ ਆਵਾਜਾਈ ਉੱਤੇ ਲੱਗੀਆਂ ਪਾਬੰਦੀਆਂ ਕਾਰਨ 7639 ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ। ਜਿਨ੍ਹਾਂ ਲੋਕਾਂ ਨੂੰ ਕੈਨੇਡਾ ਦਾਖਲ ਹੋਣ ਤੋਂ ਰੋਕਿਆ ਗਿਆ ਉਨ੍ਹਾਂ ਵਿੱਚ 87 ਫੀ ਸਦੀ ਭਾਵ 6615 ਅਮਰੀਕੀ ਨਾਗਰਿਕ ਸਨ। ਬਾਕੀ ਦੇ 1024 ਲੋਕ ਹੋਰਨਾਂ ਦੇਸ਼ਾਂ ਨਾਲ ਸਬੰਧਤ ਸਨ।


ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਮਰੀਕਾ ਨਾਲ ਹੋਏ ਸਮਝੌਤੇ ਤਹਿਤ ਕੈਨੇਡੀਅਨ ਤੇ ਅਮਰੀਕੀ ਸਰਹੱਦ ਨੂੰ 21 ਜੁਲਾਈ ਤੱਕ ਬੰਦ ਰੱਖਣ ਦਾ ਐਲਾਨ ਕੀਤਾ ਸੀ। ਇਸ ਦਰਮਿਆਨ ਕੁੱਝ ਲੋਕਾਂ ਨੂੰ ਇਨ੍ਹਾਂ ਪਾਬੰਦੀਆਂ ਤੋਂ ਛੋਟ ਵੀ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਆਰਜ਼ੀ ਵਿਦੇਸ਼ੀ ਕਾਮੇ, ਹੈਲਥ ਕੇਅਰ ਵਰਕਰਜ਼-ਜਿਹੜੇ ਦੋਵਾਂ ਦੇਸ਼ਾਂ ਵਿੱਚੋਂ ਕਿਸੇ ਇੱਕ ਵਿੱਚ ਰਹਿੰਦੇ ਹਨ ਪਰ ਜਿਨ੍ਹਾਂ ਨੂੰ ਕੰਮ ਲਈ ਸਰਹੱਦ ਪਾਰ ਕਰਨੀ ਪੈਂਦੀ ਹੈ ਅਤੇ ਜਿਹੜੇ ਕੈਨੇਡਾ ਵਿੱਚ ਆਪਣੇ ਪਰਿਵਾਰ ਨੂੰ ਮਿਲਣ ਆਉਣਾ ਚਾਹੁੰਦੇ ਹਨ, ਸ਼ਾਮਲ ਹਨ।

# ਕੈਨੇਡੀਅਨ ਦਰਸ਼ਕਾਂ ਲਈ ਵਿਸ਼ੇਸ਼ ਯੋਗਾ ਸੈਸ਼ਨ 20 ਤੇ 21 ਨੂੰ

| ਮਿਤੀ | ਸਮਾਂ | ਸੰਸਥਾ | ਵੇਰਵਾ |
|---|---|---|---|
| 20 ਜੂਨ | ਸਵੇਰੇ 10:00 ਵਜੇ | ਪਤੰਜਲੀ | ਯੋਗ ਰਿਸ਼ੀ ਬਾਬਾ ਰਾਮਦੇਵ ਨਾਲ ਸੈਸ਼ਨ |
| 20 ਜੂਨ | ਸ਼ਾਮੀ 6:00 ਵਜੇ | ਸ੍ਰੀ ਸ੍ਰੀ ਤਤਵਾ | ਡਾ. ਦੀਕਸ਼ਾ ਠਾਕੁਰ ਨਾਲ ਆਯੁਰਵੇਦ ਸਬੰਧੀ ਯੋਗ ਅਭਿਆਸ |
| 21 ਜੂਨ | ਸਵੇਰੇ 8:30 ਵਜੇ | ਆਰਟ ਆਫ ਲਿਵਿੰਗ | ਪੰਡਤ ਸ੍ਰੀ ਸ੍ਰੀ ਰਵੀ ਸ਼ੰਕਰ ਨਾਲ ਆਨਲਾਈਨ ਯੋਗਾ ਪ੍ਰੋਟੋਕਾਲ ਤੇ ਸਪੈਸ਼ਲ ਮੈਡੀਟੇਸ਼ਨ |
| 21 ਜੂਨ | ਸ਼ਾਮੀ 7:30 ਵਜੇ | ਬ੍ਰਹਮਕੁਮਾਰੀਜ਼ | ਭੈਣ ਸ਼ਿਵਾਨੀ ਨਾਲ ਔਖੇ ਵੇਲਿਆਂ ਵਿੱਚੋਂ ਪਾਰ ਪਾਉਣ ਦੇ ਗੁਰ |

ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਕੌਮਾਂਤਰੀ ਯੋਗਾ ਡੇਅ ਦੇ ਸੰਦਰਭ ਵਿੱਚ ਯੋਗ ਰਿਸ਼ੀ ਬਾਬਾ ਰਾਮਦੇਵ ਤੇ ਬ੍ਰਹਮਕੁਮਾਰੀ ਭੈਣ ਸ਼ਿਵਾਨੀ ਵੱਲੋਂ ਵਿਸ਼ੇਸ਼ ਯੋਗਾ ਸੈਸ਼ਨ ਸਾਡੇ ਕੈਨੇਡੀਅਨ ਦਰਸ਼ਕਾਂ ਲਈ ਲਾਇਆ ਜਾ ਰਿਹਾ ਹੈ। 20 ਤੇ 21 ਜੂਨ ਨੂੰ ਲਾਏ ਜਾ ਰਹੇ ਇਨ੍ਹਾਂ ਸੈਸ਼ਨਜ਼ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ। ਇਹ ਸਾਰੇ ਪ੍ਰੋਗਰਾਮ ਟੋਰਾਂਟੋ ਵਿੱਚ ਕਾਊਂਸਲੇਟ ਜਨਰਲ ਆਫ ਇੰਡੀਆ ਦੇ ਫੇਸਬੁਕ ਪੇਜ (https://www.facebook.com/cgindiatoronto/) ਉੱਤੇ ਵੀ ਲਾਈਵ ਵੇਖੇ ਜਾ ਸਕਣਗੇ।

# ਓਟਵਾ-ਗੈਟਿਨਿਊ, ਪੂਰਬੀ ਓਨਟਾਰੀਓ ਲਈ ਹੀਟ ਵਾਰਨਿੰਗ ਜਾਰੀ



ਓਨਟਾਰੀਓ, 18 ਜੂਨ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਓਟਵਾ-ਗੈਟਿਨਿਊ ਇਲਾਕੇ ਲਈ ਹੀਟ ਵਾਰਨਿੰਗ ਜਾਰੀ ਕੀਤੀ ਗਈ ਹੈ। ਇਸ ਚੇਤਾਵਨੀ ਤਹਿਤ ਦੱਸਿਆ ਗਿਆ ਹੈ ਕਿ ਸ਼ੁੱਕਰਵਾਰ ਨੂੰ ਤਾਪਮਾਨ 30 ਡਿਗਰੀ ਤੋਂ ਵੀ ਟੱਪ ਸਕਦਾ ਹੈ।

ਗਰਮ ਮੌਸਮ ਦਾ ਇਹ ਸਿਲਸਿਲਾ ਸ਼ੁੱਕਰਵਾਰ ਤੋਂ ਸ਼ੁਰੂ ਹੋ ਕੇ ਐਤਵਾਰ ਤੱਕ ਚੱਲਣ ਦੀ ਸੰਭਾਵਨਾ ਹੈ। ਕੱਲ੍ਹ ਦੁਪਹਿਰੇ ਭੇਜੇ ਗਏ ਐਲਰਟ ਵਿੱਚ ਮੌਸਮ ਏਜੰਸੀ ਨੇ ਇਹ ਗੱਲ ਆਖੀ। ਸ਼ੁੱਕਰਵਾਰ ਨੂੰ ਓਟਵਾ ਵਿੱਚ ਤਾਪਮਾਨ 33 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ ਤੇ ਸ਼ਨਿੱਚਰਵਾਰ ਨੂੰ ਤਾਪਮਾਨ 35 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਮੌਸਮ ਵਿੱਚ ਨਮੀ ਕਾਰਨ ਇਹ ਦਿਨ ਹੋਰ ਵੀ ਗਰਮ ਲੱਗ ਸਕਦੇ ਹਨ।

ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਇਨ੍ਹਾਂ ਦੋਵਾਂ ਦਿਨਾਂ ਦੌਰਾਨ ਸਿਰਫ ਰਾਤ ਦੇ ਸਮੇਂ ਹੀ ਤਾਪਮਾਨ ਘਟ ਕੇ 20 ਡਿਗਰੀ ਸੈਲਸੀਅਸ ਤੱਕ ਪਹੁੰਚੇਗਾ। ਐਤਵਾਰ ਨੂੰ ਤਾਪਮਾਨ 32 ਡਿਗਰੀ ਸੈਲਸੀਅਸ ਰਹਿਣ ਦੀ ਉਮੀਦ ਹੈ ਤੇ ਇਸ ਦੌਰਾਨ ਬੂੰਦਾ ਬਾਂਦੀ ਵੀ ਹੋ ਸਕਦੀ ਹੈ।

# ਨੇਪਾਲੀ ਪਾਰਲੀਮੈਂਟ ਤੋਂ ਭਾਰਤੀ ਵਿਰੋਧੀ ਨਕਸ਼ੇ ਵਾਲਾ ਬਿੱਲ ਪਾਸ

ਕਾਠਮੰਡੂ, 18 ਜੂਨ, (ਪੋਸਟ ਬਿਊਰੋ)- ਭਾਰਤ ਦੇ ਇਤਰਾਜ਼ਾਂ ਦੀ ਪ੍ਰਵਾਹ ਨਾ ਕਰਦੇ ਹੋਏ ਨੇਪਾਲੀ ਪਾਰਲੀਮੈਂਟ ਦੇ ਉਤਲੇ ਸਦਨ ਨੈਸ਼ਨਲ ਅਸੈਂਬਲੀ ਨੇ ਅੱਜ ਵੀਰਵਾਰ ਨੂੰ ਆਪਣੇ ਦੇਸ਼ ਦੇ ਵਿਵਾਦਤ ਰਾਜਨੀਤਕ ਨਕਸ਼ੇ ਵਿੱਚ ਸੰਵਿਧਾਨ ਸੋਧ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਮੌਕੇ ਸੱਤਾਧਾਰੀ ਨੇਪਾਲ ਕਮਿਊਨਿਸਟ ਪਾਰਟੀ ਦੇ ਪਾਰਲੀਮੈਂਟ ਨੇਤਾ ਦੀਨਾਨਾਥ ਸ਼ਰਮਾ ਨੇ ਨੈਸ਼ਨਲ ਅਸੈਂਬਲੀ ਵਿੱਚ ਕਿਹਾ ਕਿ ਭਾਰਤ ਨੇ ਲਿਪੁਲੇਖ, ਕਾਲਾਪਨੀ ਅਤੇ ਲਿੰਪੀਆਧੁਰਾ ਉੱਤੇ ਨਾਜਾਇਜ਼ ਕਬਜ਼ਾ ਕਰ ਲਿਆ ਹੈ ਤੇ ਉਸ ਨੂੰ ਨੇਪਾਲ ਦੀ ਧਰਤੀ ਵਾਪਸ ਕਰਨੀ ਚਾਹੀਦੀ ਹੈ। ਨੇਪਾਲ ਦੇ ਨਵੇਂ ਨਕਸ਼ੇ ਨੂੰ ਪਾਸ ਕਰਨ ਦੇ ਪੱਖ ਵਿੱਚ ਅੱਜ ਨੈਸ਼ਨਲ ਅਸੈਂਬਲੀ ਵਿੱਚ 57 ਵੋਟਾਂ ਪਈਆਂ ਤੇ ਕਿਸੇ ਨੇ ਵੀ ਇਸ ਦੇ ਵਿਰੋਧ ਵਿੱਚ ਵੋਟ ਨਹੀਂ ਦਿੱਤੀ। ਇਸ ਤਰ੍ਹਾਂ ਇਹ ਬਿੱਲ ਨੈਸ਼ਨਲ ਅਸੈਂਬਲੀ ਨੇ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਹੈ। ਨੈਸ਼ਨਲ ਅਸੈਂਬਲੀ ਵਿੱਚ ਵੋਟਿੰਗ ਦੌਰਾਨ ਵਿਰੋਧੀ ਧਿਰ ਨੇਪਾਲੀ ਕਾਂਗਰਸ ਅਤੇ ਜਨਤਾ ਸਮਾਜਵਾਦੀ ਪਾਰਟੀ-ਨੇਪਾਲ ਨੇ ਵੀ ਸੰਵਿਧਾਨ ਦੀ ਤੀਜੀ ਸੂਚੀ ਵਿੱਚ ਸੋਧ ਨਾਲ ਸਬੰਧਤ ਸਰਕਾਰ ਦੇ ਬਿੱਲ ਦਾ ਸਮਰਥਨ ਕੀਤਾ ਹੈ।

ਨੈਸ਼ਨਲ ਅਸੈਂਬਲੀ ਵਿੱਚ ਪਾਸ ਹੋਣ ਤੋਂ ਬਾਅਦ ਇਹ ਬਿੱਲ ਰਾਸ਼ਟਰਪਤੀ ਵਿਦਿਆ ਦੇਵੀ ਭੰਡਾਰੀ ਦੀ ਮਨਜ਼ੂਰੀ ਲੈਣ ਲਈ ਭੇਜਿਆ ਜਾਵੇਗਾ ਅਤੇ ਉਸ ਤੋਂ ਬਾਅਦ ਇਹ ਸੰਵਿਧਾਨ ਵਿੱਚ ਸ਼ਾਮਲ ਕੀਤਾ ਜਾਵੇਗਾ। ਨਵੇਂ ਰਾਜਨੀਤਕ ਨਕਸ਼ੇ ਨੂੰ 18 ਮਈ ਨੂੰ ਕੈਬਨਿਟ ਮੀਟਿੰਗ ਨੇ ਪ੍ਰਵਾਨਗੀ ਦਿੱਤੀ ਸੀ।

# ਮੈਕੇਅ ਤੇ ਓਟੂਲੇ ਨੇ ਇੱਕ ਦੂਜੇ ਉੱਤੇ ਲਾਏ ਕਈ ਦੋਸ਼

ਓਟਵਾ, 18 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਪੀਟਰ ਮੈਕੇਅ ਨੇ ਆਪਣੇ ਮੁੱਖ ਵਿਰੋਧੀ ਐਰਿਨ ਓਟੂਲੇ ਉਤੇ ਦੋਸ਼ ਲਾਇਆ ਕਿ ਉਹ ਕਾਰਬਨ ਟੈਕਸ ਪੇਸ਼ ਕਰਨ ਦੀ ਮੰਗ ਕਰਕੇ ਪਾਪ ਕਰ ਰਹੇ ਹਨ।

ਮੈਕੇਅ ਨੇ ਤਾਂ ਓਟੂਲੇ ਨੂੰ ਐਰਿਨ ਟਰੂਡੋ ਤੱਕ ਆਖ ਦਿੱਤਾ। ਮੈਕੇਅ ਦੇ ਕਹਿਣ ਦਾ ਮਤਲਬ ਸੀ ਕਿ ਓਟੂਲੇ ਕੰਜਰਵੇਟਿਵ ਨਹੀਂ ਸਗੋਂ ਲਿਬਰਲਾਂ ਦੀਆਂ ਨੀਤੀਆਂ ਉੱਤੇ ਚੱਲ ਰਹੇ ਹਨ। ਫਰੈਂਚ ਭਾਸ਼ਾ ਵਿੱਚ ਦੋ ਘੰਟੇ ਤੱਕ ਚੱਲੀ ਦੋਵਾਂ ਕੰਜ਼ਰਵੇਟਿਵ ਉਮੀਦਵਾਰਾਂ ਦੀ ਬਹਿਸ ਵਿੱਚ ਮੈਕੇਅ ਨੇ ਕਈ ਚੋਭਾ ਓਟੂਲੇ ਉੱਤੇ ਕੱਸੀਆਂ।



ਓਟੂਲੇ ਨੇ ਵੀ ਮੈਕੇਅ ਉੱਤੇ ਝੂਠ ਬੋਲਣ ਦਾ ਦੋਸ਼ ਲਾਇਆ। ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਦੋਵਾਂ ਉਮੀਦਵਾਰਾਂ ਵਿੱਚ ਫਰੈਂਚ ਭਾਸ਼ਾ ਦੀ ਇਹ ਪਹਿਲੀ ਬਹਿਸ ਕਾਫੀ ਸਫਲ ਰਹੀ।

ਦੋਵਾਂ ਉਮੀਦਵਾਰਾਂ ਨੇ ਇਕ ਦੂਜੇ ਦੇ ਰਿਕਾਰਡ ਅਤੇ ਵਾਅਦਿਆਂ ਵਿਚ ਰਹੀਆਂ ਖਾਮੀਆਂ ਨੂੰ ਉਛਾਲਣ ਵਿਚ ਕੋਈ ਕਸਰ ਬਾਕੀ ਨਹੀਂ ਛਡੀ। ਇਸ ਬਹਿਸ ਦੀ ਵਿਚੋਲਗੀ ਕਰਨ ਵਾਲੇ ਸਖਸ ਨੂੰ ਦੋਵਾਂ ਉਮੀਦਵਾਰਾਂ ਨੂੰ ਦੋ ਹੋਰਨਾਂ ਉਮੀਦਵਾਰਾਂ-ਡੈਰੇਕ ਸਲੋਨ ਤੇ ਲੈਸਲਿਨ ਲੂਈ ਬਾਰੇ ਵੀ ਵਾਰੀ ਵਾਰੀ ਚੇਤੇ ਕਰਵਾਉਂਦਿਆਂ ਰਹਿਣਾ ਪਿਆ।

# ਭਾਜਪਾ ਨੇਤਾ ਪਬੂਭਾ ਮਾਣਿਕ ਕਥਾ ਵਾਚਕ ਮੋਰਾਰੀ ਬਾਪੂ ਨੂੰ ਮਾਰਨ ਪੈ ਗਿਆ

ਨਵੀਂ ਦਿੱਲੀ, 18 ਜੂਨ, (ਪੋਸਟ ਬਿਊਰੋ)- ਹਿੰਦੂ ਧਰਮ ਦੇ ਮਸ਼ਹੂਰ ਕਥਾ ਵਾਚਕ ਮੋਰਾਰੀ ਬਾਪੂ ਓਦੋਂ ਸੁੰਨ ਰਹਿ ਗਏ, ਜਦੋਂ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਵਿਧਾਇਕ ਪਬੂਭਾ ਮਾਣਿਕ ਨੇ ਉਨ੍ਹਾਂ ਉੱਤੇ ਹਮਲੇ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਭਾਜਪਾ ਨੇਤਾ ਉਨ੍ਹਾਂ ਨੂੰ ਮਾਰਨ ਨੂੰ ਦੌੜਿਆ ਤਾਂ ਸਾਬਕਾ ਪਾਰਲੀਮੈਂਟ ਮੈਂਬਰ ਪੂਨਮ ਸੇਨ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਦੇ ਬਾਵਜੂਦ ਭਾਜਪਾ ਆਗੂ ਮਾਣਿਕ ਨੇ ਮੋਰਾਰੀ ਬਾਪੂ ਨੂੰ ਚੋਖੀ ਗਾਲੀ-ਗਲੋਚ ਕੀਤੀ।

ਦਿੱਲੀ ਦੇ ਦੁਆਰਕਾ ਵਿੱਚ ਅੱਜ ਦਰਸ਼ਨ ਕਰਨ ਤੋਂ ਬਾਅਦ ਮੋਰਾਰੀ ਬਾਪੂ ਭਾਜਪਾ ਨੇਤਾਵਾਂ ਨੂੰ ਮਿਲ ਰਹੇ ਸਨ ਤਾਂ ਅਚਾਨਕ

*** ਪਾਰਲੀਮੈਂਟ ਮੈਂਬਰ ਨੇ ਮੋਰਾਰੀ ਬਾਪੂ ਬਚਾਇਆ**

ਇਹ ਘਟਨਾ ਵਾਪਰ ਗਈ। ਅਸਲ ਵਿੱਚ ਕੁਝ ਦਿਨ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਇੱਕ ਕਥਾ ਦੌਰਾਨ ਮੋਰਾਰੀ ਬਾਪੂ ਨੇ ਭਗਵਾਨ ਕ੍ਰਿਸ਼ਨ ਬਾਰੇ ਵਿਵਾਦਤ ਬਿਆਨ ਦਿੱਤਾ ਸੀ। ਉਨ੍ਹਾਂ ਨੇ ਭਗਵਾਨ ਕ੍ਰਿਸ਼ਨ ਦੇ ਵੰਸ਼ ਉੱਤੇ ਇਤਰਾਜ਼ ਯੋਗ ਟਿੱਪਣੀ ਕੀਤੀ ਤੇ ਉਨ੍ਹਾਂ ਦੇ ਭਰਾ ਬਲਰਾਮ ਨੂੰ ਸ਼ਰਾਬੀ ਕਿਹਾ ਸੀ, ਜਿਸ ਦਾ ਵੀਡੀਓ ਵਾਇਰਲ ਹੋਣ ਨਾਲ ਅਹੀਰ ਸਮਾਜ ਵਿੱਚ ਰੋਸ ਫੈਲ ਗਿਆ ਸੀ। ਇਸ ਪਿੱਛੋਂ ਮੋਰਾਰੀ ਬਾਪੂ ਨੇ ਇੱਕ ਵੀਡੀਓ ਜਾਰੀ ਕਰ ਕੇ ਕ੍ਰਿਸ਼ਨ ਭਗਤਾਂ ਤੋਂ ਮਾਫੀ ਮੰਗੀ ਸੀ, ਪਰ ਉਨ੍ਹਾਂ ਦੀ ਟਿੱਪਣੀ ਕਾਰਨ ਅੱਜ ਵੀਰਵਾਰ ਭਾਜਪਾ ਨੇਤਾ ਪਬੂਭਾ ਨੇ ਮੋਰਾਰੀ ਬਾਪੂ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਤਾ ਲੱਗਾ ਹੈ ਕਿ ਮੋਰਾਰੀ ਬਾਪੂ ਜਿਸ ਬਿਆਨ ਦੀ ਮਾਫੀ ਮੰਗ ਚੁੱਕੇ ਸਨ, ਉਸ ਬਾਰੇ ਉਹ ਭਾਜਪਾ ਨੇਤਾਵਾਂ ਨੂੰ ਦੁਆਰਕਾ ਵਿੱਚ ਮਿਲਣ ਗਏ ਸਨ। ਇਸ ਮੌਕੇ ਸਾਬਕਾ ਪਾਰਲੀਮੈਂਟ ਮੈਂਬਰ ਸਮੇਤ ਕਈ ਸੀਨੀਅਰ ਨੇਤਾ ਮੌਜੂਦ ਸਨ, ਜਿਨ੍ਹਾਂ ਦੀ ਹਾਜ਼ਰੀ ਵਿੱਚ ਭਾਜਪਾ ਨੇਤਾ ਅਤੇ ਸਾਬਕਾ ਵਿਧਾਇਕ ਪਬੂਭਾ ਮਾਣਿਕ ਨੇ ਏਦਾਂ ਦਾ ਹਮਲਾ ਕੀਤਾ ਹੈ।

# ਪ੍ਰੇਮੀ ਜੋੜੇ ਵੱਲੋਂ ਖ਼ੁਦਕੁਸ਼ੀ

ਹਰੀਕੇ ਪੱਤਣ, 18 ਜੂਨ (ਪੋਸਟ ਬਿਊਰੋ)- ਹਰੀਕੇ ਹੈੱਡ ਵਰਕਸ ਨੇੜੇ ਧੁੱਸੀ ਬੰਨ 'ਤੇ ਸਵੇਰੇ ਤੜਕੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਕਸਬਾ ਜ਼ੀਰਾ ਦੇ ਰਹਿਣ ਵਾਲੇ ਪ੍ਰੇਮੀ ਜੋੜੇ ਨੇ ਜ਼ਹਿਰੀਲੀ ਵਸਤੂ ਨਿਗਲ ਕੇ ਖ਼ੁਦਕੁਸ਼ੀ ਕਰ ਲਈ।

ਮਿਲੀ ਜਾਣਕਾਰੀ ਅਨੁਸਾਰ ਮਨਪ੍ਰੀਤ ਸਿੰਘ (20) ਪੁੱਤਰ ਅਮਰਜੀਤਸ ਸਿੰਘ ਅਤੇ ਪੂਜਾ (27) ਵਾਸੀ ਜ਼ੀਰਾ ਦੇ ਆਪਸੀ ਸਬੰਧ ਸਨ। ਪੂਜਾ ਫਤਿਹਗੜ੍ਹ ਪੰਜਤੂਰ ਵਿਖੇ ਵਿਆਹੀ ਹੋਈ ਸੀ ਅਤੇ ਇੱਕ ਦੋ ਸਾਲਾ ਬੱਚੇ ਦੀ ਮਾਂ ਸੀ ਅਤੇ ਕੱਲ੍ਹ ਦਾ ਇਹ ਪ੍ਰੇਮੀ ਜੋੜਾ ਘਰੋਂ ਫ਼ਰਾਰ ਹੋ ਕੇ ਵਿਆਹ ਕਰਵਾਉਣ ਦੀ ਤਾਕ ਵਿੱਚ ਸੀ। ਕੱਲ੍ਹ ਸਵੇਰੇ ਜਦੋਂ ਹਰੀਕੇ ਪੱਤਣ ਵਸਨੀਕ ਰਾਜੂ ਸ਼ਰਮਾ, ਦਲਜੀਤ ਸਿੰਘ ਅਤੇ ਬਲਕਾਰ ਸਿੰਘ ਰੋਜ਼ ਵਾਂਗ ਸੈਰ ਕਰਨ ਲਈ ਹਰੀਕੇ ਹੈੱਡ ਵਰਕਸ ਵੱਲ ਜਾ ਰਹੇ ਸਨ ਤਾਂ ਰਸਤੇ ਵਿੱਚ ਧੁੱਸੀ ਬੰਨ 'ਤੇ ਇਕ ਛੋਟੇ ਬੱਚੇ ਦੇ ਰੋਣ ਦੀ ਆਵਾਜ਼ ਸੁਣੀ। ਇਨ੍ਹਾਂ ਨੇ ਨਜ਼ਦੀਕ ਜਾ ਕੇ ਦੇਖਿਆ ਤਾਂ ਇਕ ਔਰਤ ਅਤੇ ਇੱਕ ਨੌਜਵਾਨ ਕੋਈ ਜ਼ਹਿਰੀਲੀ ਚੀਜ਼ ਖਾਣ ਪਿੱਛੋਂ ਤੜਫ ਰਹੇ ਸਨ ਅਤੇ ਛੋਟੇ ਬੱਚਾ ਰੋ ਰਿਹਾ ਸੀ। ਇਹ ਦੇਖਣ ਤੋਂ ਬਾਅਦ ਇਨ੍ਹਾਂ ਹਰੀਕੇ ਪੁਲਸ ਨੂੰ ਦੱਸਿਆ ਅਤੇ ਦੋਵਾਂ ਨੂੰ ਹਰੀਕੇ ਦੇ ਪ੍ਰਾਈਵੇਟ ਕਲੀਨਿਕ ਵਿਖੇ ਲੈ ਆਏ, ਜਿਥੇ ਡਾਕਟਰਾਂ ਨੇ ਪ੍ਰੇਮਿਕਾ ਪੂਜਾ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਅਤੇ ਪ੍ਰੇਮੀ ਮਨਪ੍ਰੀਤ ਸਿੰਘ ਦਾ ਇਲਾਜ ਸ਼ੁਰੂ ਕੀਤਾ, ਪਰ ਉਸ ਦੀ ਗੰਭੀਰ ਹਾਲਤ ਦੇਖ ਕੇ ਮੋਗਾ ਰੈਫਰ ਕਰ ਦਿੱਤਾ, ਜਿਥੇ ਕਿ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਮਾਰੀ ਬੜ੍ਹਕ ਆ ਫੇਰ ਬਈ ਢੀਂਡਸੇ ਨੇ,
ਮੋਹੜੀ ਦਿਆਂਗਾ ਨਵੀਂ ਮੈਂ ਗੱਡ ਭਾਈ।
ਖਹਿੜਾ ਛੱਡ 'ਤਾ ਪੱਕਾ ਜੀ ਬਾਦਲਾਂ ਦਾ,
ਵਸਾਉਣਾ ਪਿੰਡ ਹੈ ਰਾਜਸੀ ਅੱਡ ਭਾਈ।
ਸਾਥੋਂ ਝੱਲੀ ਪਰਧਾਨੀ ਨਾ ਜਾਏ ਉਹਦੀ,
ਜਿਹੜਾ ਆਦਤਾਂ ਸਕੇ ਨਹੀਂ ਛੱਡ ਭਾਈ।
ਧਾੜ ਕਾਕਿਆਂ ਦੀ ਮਗਰ ਲਈ ਫਿਰਦਾ,
ਜਿਹੜੇ ਵਿੰਹਦੇ ਨੇ ਅੱਖੀਆਂ ਟੱਡ ਭਾਈ।
ਅਕਾਲੀ ਅਸਲ ਮੈਂ ਲਵਾਂਗਾ ਨਾਲ ਸਾਰੇ,
ਜਿਹੜੇ ਮੁੱਢਾਂ ਤੋਂ ਜੁੜੇ ਆ ਨਾਲ ਭਾਈ।
ਨੇੜੇ ਵਹਿੜਕੇ ਅਸੀਂ ਨਾ ਆਉਣ ਦੇਣੇ,
ਜਿਹੜੇ ਜਾਣਦੇ ਛਕਣ ਨੇ ਮਾਲ ਭਾਈ।

**ਤੀਸ ਮਾਰ ਖਾਂ**

### ਕੈਪਟਨ ਅਮਰਿੰਦਰ ਸਿੰਘ ਵੱਲੋਂ ਮਿਹਣਾ

# ਚੀਨ ਨਾਲ ਡਾਂਗ-ਸੋਟੇ ਨਾਲ ਲੜਨੈ ਤਾਂ ਆਰ ਐੱਸ ਐੱਸ ਵਾਲਿਆਂ ਨੂੰ ਓਥੇ ਭੇਜ ਦਿਓ



ਚੰਡੀਗੜ੍ਹ, 18 ਜੂਨ, (ਪੋਸਟ ਬਿਊਰੋ)- ਭਾਰਤ-ਚੀਨ ਅਸਲ ਕੰਟਰੋਲ ਰੇਖਾ ਉੱਤੇ ਗਲਵਾਨ ਘਾਟੀ ਵਿੱਚ ਚੀਨੀ ਫੌਜੀਆਂ ਵੱਲੋਂ ਵਹਿਸ਼ੀਪੁਣੇ ਨਾਲ 20 ਭਾਰਤੀ ਫੌਜੀ ਮਾਰ ਦਿੱਤੇ ਜਾਣ ਉੱਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਹਿੰਸਕ ਝੜਪ ਵਿੱਚ ਕੀਮਤੀ ਜਾਨਾਂ ਗੁਆਉਣ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ ਕੀਤੀ ਤੇ ਕਿਹਾ ਕਿ ਸਾਰਾ ਦੇਸ਼ ਆਪਣੇ ਲੋਕਾਂ ਉੱਤੇ ਇਸ ਹਮਲੇ ਲਈ ਕੇਂਦਰ ਸਰਕਾਰ ਤੋਂ ਢੁਕਵੇਂ ਜਵਾਬ ਦੀ ਆਸ ਕਰਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਸਰਹੱਦ ਉੱਤੇ ਜਵਾਨਾਂ ਨੂੰ ਸਾਫ ਕਿਹਾ ਜਾਵੇ ਕਿ ਜੇ ਸਾਡਾ ਇੱਕ ਮਾਰਦੇ ਹਨ ਤਾਂ ਤੁਸੀਂ ਉਨਾਂ ਦੇ ਤਿੰਨ ਮਾਰੋ।' ਪੰਜਾਬ ਦੇ ਚਾਰ ਫੌਜੀ ਜਵਾਨ ਮਾਰੇ ਜਾਣ ਕਾਰਨ ਭਾਵੁਕ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੈਂ ਇਹ ਰਾਜਸੀ ਆਗੂ ਵਜੋਂ ਨਹੀਂ, ਉਸ ਵਿਅਕਤੀ ਵਜੋਂ ਕਹਿ ਰਿਹਾ ਹਾਂ, ਜਿਹੜਾ ਫੌਜ ਵਿੱਚ ਰਿਹਾ ਹੈ ਤੇ ਹਾਲੇ ਵੀ ਫੌਜ ਨੂੰ ਪਿਆਰ ਕਰਦਾ ਹੈ। ਉਨਾਂ ਕਿਹਾ ਕਿ ਇਨ੍ਹਾਂ ਮੁੱਦਿਆਂ ਉੱਤੇ ਮੇਰਾ ਸਟੈਂਡ ਹਮੇਸ਼ਾ ਇੱਕੋ ਰਿਹਾ ਹੈ ਤੇ ਪੁਲਵਾਮਾ ਹਮਲੇ ਪਿੱਛੋਂ ਵੀ ਮੈਂ ਕਿਹਾ ਸੀ ਕਿ ਜੇ ਉਹ ਸਾਡਾ ਇੱਕ ਮਾਰਦੇ ਹਨ ਤਾਂ ਸਾਨੂੰ ਉਨ੍ਹਾਂ ਦੇ ਦੋ ਮਾਰਨੇ ਚਾਹੀਦੇ ਹਨ ਅਤੇ ਇਹ ਹੀ ਸਟੈਂਡ ਚੀਨ ਦੇ ਮਾਮਲੇ ਵਿੱਚ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਸਵਾਲ ਕੀਤਾ ਕਿ ਭਾਰਤੀ ਜਵਾਨਾਂ ਉੱਤੇ ਹੋਏ ਏਡੇ ਦਰਦਨਾਕ ਹਮਲੇ ਪਿੱਛੋਂ ਚੀਨੀਆਂ ਉੱਤੇ ਗੋਲੀ ਚਲਾਉਣ ਦੇ ਆਦੇਸ਼ ਕਿਉ ਨਾ ਦਿੱਤੇ ਗਏ, ਕੋਈ ਤਾਂ ਉਥੇ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਅਸਫਲ ਰਿਹਾ ਹੈ, ਲੱਭਣਾ ਚਾਹੀਦਾ ਹੈ ਕਿ ਉਹ ਕੌਣ ਸੀ। ਉਨ੍ਹਾਂ ਕਿਹਾ ਕਿ ਜੇ ਯੂਨਿਟ ਕੋਲ ਹਥਿਆਰ ਸਨ, ਜਿਵੇਂ ਬਾਅਦ ਵਿੱਚ ਕਿਹਾ ਜਾ ਰਿਹਾ ਹੈ, ਤਾਂ ਕਮਾਂਡ ਕਰਨ ਵਾਲੇ ਦੂਸਰੇ ਅਧਿਕਾਰੀ ਨੂੰ ਉਸੇ ਵੇਲੇ ਫਾਇਰਿੰਗ ਦੇ ਹੁਕਮ ਦੇਣੇ ਚਾਹੀਦੇ ਸਨ, ਜਦੋਂ ਭਾਰਤ ਦਾ ਇੱਕ ਕਮਾਂਡਿੰਗ ਅਫਸਰ ਚੀਨੀਆਂ ਦੇ ਧੋਖੇ ਦਾ ਸ਼ਿਕਾਰ ਹੋਇਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਲੋਕ ਜਾਨਣਾ ਚਾਹੁੰਦੇ ਹਨ ਕਿ ਫੌਜ ਨੇ ਮੋੜਵਾਂ ਹਮਲਾ ਕਿਉਂ ਨਾ ਕੀਤਾ, ਜਿਸ ਦੀ ਉਨਾਂ ਨੂੰ ਟ੍ਰੇਨਿੰਗ ਮਿਲੀ ਹੈ, ਜੇ ਉਨਾਂ ਪਾਸ ਹਥਿਆਰ ਸਨ ਤਾਂ ਗੋਲੀ ਕਿਉਂ ਨਾ ਚਲਾਈ। ਜਦੋਂ ਉਨਾਂ ਦੇ ਸਾਥੀ ਮਾਰੇ ਜਾ ਰਹੇ ਸਨ ਤਾਂ ਉਹ ਕੀ ਕਰਦੇ ਸਨ? ਕੈਪਟਨ ਅਮਰਿੰਦਰ ਸਿੰਘ ਕਿਹਾ ਕਿ ਮੈਂ ਜਾਨਣਾ ਚਾਹੁੰਦਾ ਹਾਂ, ਹਰ ਫੌਜੀ ਜਾਨਣਾ ਚਾਹੁੰਦਾ ਹੈ ਤੇ ਸਾਰਾ ਦੇਸ਼ ਜਾਨਣਾ ਚਾਹੁੰਦਾ ਹੈ ਕਿ ਹੋਇਆ ਕੀ ਹੈ? ਉਨ੍ਹਾ ਕਿਹਾ ਕਿ ਇਸ ਘਟਨਾ ਨੇ ਇੰਟੈਲੀਜੈਂਸ ਦਾ ਫੇਲ ਹੋਣਾ ਵੀ ਸਾਬਤ ਕੀਤਾ ਹੈ। ਉਨਾਂ ਕਿਹਾ ਕਿ 'ਝੜਪ ਵਿਚ ਸ਼ਹੀਦ ਹੋਏ 20 ਜਵਾਨਾਂ ਵਿਚੋਂ ਹਰ ਇਕ ਮੇਰਾ ਬਹਾਦਰ ਸੈਨਿਕ ਸੀ ਅਤੇ ਇਸ ਬਾਰੇ ਮੈਂ ਬਹੁਤ ਮਹਿਸੂਸ ਕਰਦਾ ਹਾਂ।'

ਕੈਪਟਨ ਅਮਰਿੰਦਰ ਸਿੰਘ ਨੇ ਕੰਟਰੋਲ ਰੇਖਾ ਉੱਤੇ ਫੌਜੀ ਝੜਪ ਬਾਰੇ ਕਿਹਾ ਕਿ ਜੇ ਭਾਰਤ ਸਰਕਾਰ ਚੀਨੀਆਂ ਦੇ ਨਾਲ ਘਸੁੰਨ ਮੁੱਕੀਆਂ ਜਾਂ ਲਾਠੀਆਂ ਦੀ ਲੜਾਈ ਲੜਨਾ ਚਾਹੁੰਦੀ ਹੈ ਤਾਂ ਉਸ ਨੂੰ ਆਰ ਐਸ ਐਸ ਕਾਡਰ ਨੂੰ ਮੈਦਾਨੇ ਜੰਗ ਵਿਚ ਭੇਜਣਾ ਚਾਹੀਦਾ ਹੈ। ਸਾਡੇ ਜਵਾਨਾਂ ਨੂੰ ਹਥਿਆਰਾਂ ਦੀ ਲੋੜ ਹੈ ਤੇ ਉਨਾਂ ਨੂੰ ਸਾਫ ਆਦੇਸ਼ ਚਾਹੀਦੇ ਹਨ ਕਿ ਕਿਸੇ ਵੀ ਕੀਮਤ ਉੱਤੇ ਦੇਸ ਦੀ ਰੱਖਿਆ ਕਰਨ ਲਈ ਇਨਾਂ ਹਥਿਆਰਾਂ ਦੀ ਵਰਤੋਂ ਕਰਨ ਲਈ ਤਿਆਰ ਰਹਿਣ।

## ਸਿੱਖ ਨੌਜਵਾਨ ਦੀ ਪੱਗ ਲਾਹੁਣ ਵਾਲੇ ਦੋ ਦੋਸ਼ੀ ਗ੍ਰਿਫ਼ਤਾਰ

ਅਮਰੋਹਾ, ਉੱਤਰ ਪ੍ਰਦੇਸ਼, 18 ਜੂਨ, (ਪੋਸਟ ਬਿਊਰੋ)- ਇੱਕ ਸਿੱਖ ਨੌਜਵਾਨ ਦੀ ਪੱਗ ਲਾਹੁਣ ਵਾਲੇ ਦੋ ਦੋਸ਼ੀ ਪੁਲਿਸ ਨੇ ਅੱਜ ਵੀਰਵਾਰ ਨੂੰ ਗ੍ਰਿਫ਼ਤਾਰ ਕਰ ਲਏ ਅਤੇ ਕੇਸ ਵਿਚ ਇਰਾਦਾ ਕਤਲ ਦੀ ਧਾਰਾ ਵੀ ਵਧਾ ਦਿੱਤੀ ਹੈ।

ਪਤਾ ਲੱਗਾ ਹੈ ਕਿ ਉੱਤਰ ਪ੍ਰਦੇਸ਼ ਦੇ ਅਮਰੋਹਾ ਦੀ ਮੰਡੀ ਧਨੌਰਾ ਦੇ ਪਿੰਡ ਸ਼ੇਰਪੁਰ ਵਿਚ ਦੋ ਧਿਰਾਂ ਵਿਚਾਲੇ ਮਾਮੂਲੀ ਬਹਿਸ ਦੌਰਾਨ ਵਿਵਾਦ ਹੋ ਗਿਆ ਸੀ। ਇਸ ਪਿੱਛੋਂ ਸਿੱਖ ਭਾਈਚਾਰੇ ਦੇ ਨੌਜਵਾਨ ਨੇ ਕੁੱਟਮਾਰ ਕਰਨ ਤੇ ਪੱਗ ਲਾਹੁਣ ਦਾ ਦੋਸ਼ ਲਾਇਆ ਸੀ। ਸਿੱਖ ਭਾਈਚਾਰੇ ਦੇ ਲੋਕਾਂ ਨੇ ਥਾਣੇ ਜਾ ਕੇ ਇਸ ਕੇਸ ਦੀ ਜਾਂਚ ਕਰਨ ਤੇ ਦੋਸ਼ੀਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਸੀ। ਇਹ ਹੀ ਸ਼ਿਕਾਇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤੀ ਸੀ ਤੇ ਸਿੱਖ ਆਗੂਆਂ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਟਵਿੱਟਰ ਪੇਜ ਉੱਤੇ ਵੀ ਇਸ ਬਾਰੇ ਸ਼ਿਕਾਇਤ ਦਰਜ ਕਰਵਾਈ ਸੀ। ਇਸ ਦੇ ਨਾਲ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਟੈਗ ਕਰ ਕੇ ਟਵੀਟ ਕੀਤਾ ਸੀ, ਜਿਸ ਪਿੱਛੋਂ ਪੁਲਿਸ ਹਰਕਤ ਵਿਚ ਆਈ ਅਤੇ ਪੀੜਤ ਗੁਰਵਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਮਨੀਰਾਮ, ਵਿਜੇਂਦਰ, ਹੁਕਮ ਸਿੰਘ, ਸੋਨੂ ਤੇ ਰਵੀ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਅੱਜ ਵੀਰਵਾਰ ਪੁਲਿਸ ਨੇ ਇਸ ਕੇਸ ਵਿਚ ਇਰਾਦਾ ਕਤਲ ਦੀ ਧਾਰਾ 307 ਵੀ ਵਧਾ ਦਿੱਤੀ ਹੈ। ਥਾਣਾ ਮੁਖੀ ਸਵੇਂਦਰ ਸ਼ਰਮਾ ਨੇ ਦੱਸਿਆ ਕਿ ਇਸ ਕੇਸ ਵਿੱਚ ਨਾਮਜ਼ਦ ਦੋਸ਼ੀ ਸੋਨੂ ਅਤੇ ਵਿਜੇਂਦਰ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ ਪੇਸ਼ ਕੀਤਾ ਗਿਆ ਹੈ, ਜਿੱਥੋਂ ਦੋਵਾਂ ਦਾ ਚਲਾਣ ਕਰ ਕੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

# ਸਾਬਕਾ ਐੱਨ ਐੱਸ ਏ ਵੱਲੋਂ ਦੋਸ, ਟਰੰਪ ਨੇ ਚੋਣ ਜਿੱਤਣ ਲਈ ਜਿਨਪਿੰਗ ਤੋਂ ਮਦਦ ਮੰਗੀ ਸੀ





ਵਾਸ਼ਿੰਗਟਨ, 18 ਜੂਨ, (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ (ਐੱਨ ਐੱਸ ਏ) ਜੌਹਨ ਬੋਲਟਨ ਨੇ ਆਪਣੀ ਕਿਤਾਬ ਵਿਚ ਕਈ ਐਸੇ ਸਨਸਨੀਖੇਜ਼ ਦਾਅਵੇ ਕੀਤੇ ਹਨ, ਜਿਨ੍ਹਾਂ ਮੁਤਾਬਕ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਆਪਣੀਆਂ ਕਾਰੋਬਾਰੀ ਮੁਲਾਕਾਤਾਂ ਤੇ ਅਪਰਾਧਿਕ ਕੇਸਾਂ ਦੀ ਜਾਂਚ ਵੇਲੇ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਦਾ ਯਤਨ ਕੀਤਾ ਸੀ। ਬੋਲਟਨ ਨੇ ਚੀਨ ਦੀ ਮਿਸਾਲ ਦੇ ਕੇ ਲਿਖਿਆ ਹੈ ਕਿ ਟਰੰਪ ਨੇ ਇਸ ਸਾਲ ਅਮਰੀਕਾ ਦੀ ਰਾਸ਼ਟਰਪਤੀ ਚੋਣ ਜਿੱਤਣ ਲਈ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੋਂ ਵੀ ਮਦਦ ਮੰਗੀ ਸੀ। ਉਨ੍ਹਾਂ ਦੇ ਇਨ੍ਹਾਂ ਦਾਅਵਿਆਂ ਨਾਲ ਚੋਣਾਂ ਦੇ ਇਸ ਸਾਲ ਵਿਚ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਬੋਲਟਨ ਦੀ ਕਿਤਾਬ 'ਦ ਰੂਮ ਵੇਅਰ ਇਟ ਹੈਪੇਂਡ' ਦੇ ਬਾਜ਼ਾਰ ਵਿੱਚ ਜਾਣ ਤੋਂ ਪਹਿਲਾਂ 'ਨਿਊਯਾਰਕ ਟਾਈਮਜ਼' ਅਖ਼ਬਾਰ ਨੇ ਇਸ ਦੀ ਕਾਪੀ ਲੈ ਲਈ ਹੈ। ਇਹ ਕਿਤਾਬ ਅਗਲੇ ਮੰਗਲਵਾਰ ਬਾਜ਼ਾਰ ਵਿਚ ਆਵੇਗੀ, ਜਿਸ ਵਿਚ ਬੋਲਟਨ ਨੇ ਦੋਸ਼ ਲਾਇਆ ਹੈ ਕਿ ਡੋਨਾਲਡ ਟਰੰਪ ਨੇ ਚੀਨ ਨਾਲ ਕਾਰੋਬਾਰੀ ਵਾਰਤਾ ਨੂੰ ਕਿਵੇਂ ਆਪਣੇ ਸਿਆਸੀ ਹਿੱਤਾਂ ਨਾਲ ਜੋੜ ਲਿਆ ਤੇ ਅਮਰੀਕਾ ਦੇ ਖੇਤੀ ਪ੍ਰਧਾਨ ਰਾਜਾਂ ਤੋਂ ਇਸ ਸਾਲ ਚੋਣ ਜਿੱਤਣ ਵਿਚ ਮਦਦ ਲਈ ਚੀਨੀ ਰਾਸ਼ਟਰਪਤੀ ਜਿਨਪਿੰਗ ਤੋਂ ਅਮਰੀਕਾ ਦੇ ਖੇਤੀ ਉਤਪਾਦ ਖ਼ਰੀਦਣ ਨੂੰ ਕਿਹਾ ਸੀ। ਉਨ੍ਹਾਂ ਨੇ ਆਪਣੀ ਜਿੱਤ ਪੱਕੀ ਕਰਨ ਲਈ ਜਿਨਪਿੰਗ ਨੂੰ ਅਪੀਲ ਕੀਤੀ ਸੀ। ਬੋਲਟਨ ਦੇ ਮੁਤਾਬਕ ਟਰੰਪ ਨੇ ਅਮਰੀਕੀ ਕਿਸਾਨਾਂ ਦਾ ਮਹੱਤਵ ਦੱਸ ਕੇ ਕਿਹਾ ਸੀ ਕਿ ਚੀਨ ਦੇ ਸੋਇਆਬੀਨ ਤੇ ਕਣਕ ਖ਼ਰੀਦਣ ਨਾਲ ਅਮਰੀਕਾ ਦੀ ਰਾਸ਼ਟਰਪਤੀ ਚੋਣ ਉੱਤੇ ਅਸਰ ਪੈ ਸਕਦਾ ਹੈ। ਬਦਲੇ ਵਿੱਚ ਟਰੰਪ ਨੇ ਜਿਨਪਿੰਗ ਨੂੰ ਪੇਸ਼ਕਸ਼ ਕੀਤੀ ਕਿ ਉਨ੍ਹਾਂ ਨੂੰ ਸ਼ਿਨਜਿਆਂਗ ਰਾਜ ਵਿਚ ਉਈਗਰ ਮੁਸਲਮਾਨਾਂ ਦੇ ਵਿਰੁੱਧ ਕੈਂਪ ਬਣਾਉਣਾ ਜਾਰੀ ਰੱਖਣਾ ਚਾਹੀਦਾ ਹੈ। ਬੋਲਟਨ ਦੇ ਮੁਤਾਬਕ ਟਰੰਪ ਤੇ ਜਿਨਪਿੰਗ ਦੀ ਇਹ ਬੈਠਕ 29 ਜੂਨ 2019 ਨੂੰ ਜਾਪਾਨ ਦੇ ਓਸਾਕਾ ਵਿਚ ਜੀ-20 ਸਿਖਰ ਸੰਮੇਲਨ ਤੋਂ ਵੱਖਰੇ ਥਾਂ ਹੋਈ ਸੀ।

ਜੌਹਨ ਬੋਲਟਨ (71) ਅਮਰੀਕਾ ਦੀ ਟਰੰਪ ਸਰਕਾਰ ਵਿਚ 9 ਅਗਸਤ 2018 ਤੋਂ 10 ਸਤੰਬਰ 2019 ਤਕ ਦੇਸ਼ ਦੇ ਐੱਨ ਐੱਸ ਏ ਦੇ ਅਹੁਦੇ ਉੱਤੇ ਰਹੇ ਸਨ ਅਤੇ ਟਰੰਪ ਨੇ ਇਹ ਕਹਿ ਕੇ ਬੋਲਟਨ ਨੂੰ ਹਟਾ ਦਿੱਤਾ ਸੀ ਕਿ ਜ਼ਰੂਰਤ ਅਨੁਸਾਰ ਉਨ੍ਹਾਂ ਦਾ ਰੁਖ਼ ਸਖ਼ਤ ਨਹੀਂ ਹੈ। ਖ਼ਬਰ ਏਜੰਸੀ ਅਨੁਸਾਰ ਅਮਰੀਕਾ ਦੇ ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਦੀ ਬੁਲਾਰਾ ਕੇਲਿਗ ਮੈਕਨੇਨੀ ਨੇ ਕਿਹਾ ਕਿ ਬੋਲਟਨ ਦੀ ਕਿਤਾਬ ਗੁਪਤ ਸੂਚਨਾਵਾਂ ਨਾਲ ਭਰੀ ਹੋਈ ਹੈ। ਇਹ ਪ੍ਰਵਾਨ ਕਰਨ ਦੇ ਯੋਗ ਨਹੀਂ, ਅਮਰੀਕੀ ਨਿਆਂ ਵਿਭਾਗ ਨੇ ਇਸ ਦੇ ਜਾਰੀ ਹੋਣ ਉੱਤੇ ਅਸਥਾਈ ਰੋਕ ਲਾਉਣ ਦੀ ਮੰਗ ਕੀਤੀ ਹੈ।

# ਭਾਰਤ 8ਵੀਂ ਵਾਰ ਯੂ ਐਨ ਸਕਿਓਰਟੀ ਕੌਂਸਲ ਦਾ ਆਰਜ਼ੀ ਮੈਂਬਰ ਚੁਣਿਆ ਗਿਆ

ਯੂ ਐੱਨ ਓ, 18 ਜੂਨ, (ਪੋਸਟ ਬਿਊਰੋ)- ਭਾਰਤ 8ਵੀਂ ਵਾਰ ਯੂ ਐੱਨ ਸਕਿਓਰਟੀ ਕੌਂਸਲ ਦਾ ਅਸਥਾਈ ਮੈਂਬਰ ਚੁਣਿਆ ਗਿਆ ਹੈ। ਬੁੱਧਵਾਰ ਨੂੰ ਹੋਈ ਵੋਟਿੰਗ ਵਿਚ ਯੂ ਐੱਨ ਜਨਰਲ ਅਸੈਂਬਲੀ ਦੇ 193 ਦੇਸ਼ਾਂ ਨੇ ਹਿੱਸਾ ਲਿਆ ਅਤੇ 184 ਦੇਸ਼ਾਂ ਨੇ ਭਾਰਤ ਦਾ ਸਮਰਥਨ ਕੀਤਾ ਹੈ। ਅਮਰੀਕਾ ਨੇ ਸਕਿਓਰਟੀ ਕੌਂਸਲ ਵਿਚ ਭਾਰਤ ਦੀ ਮੈਂਬਰੀ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਰਤ ਤੇ ਅਮਰੀਕਾ ਮਿਲ ਕੇ ਸਾਰੀ ਦੁਨੀਆ ਵਿਚ ਅਮਨ ਬਹਾਲੀ ਤੇ ਸੁਰੱਖਿਆ ਵਰਗੇ ਅਹਿਮ ਮੁੱਦਿਆਂ ਉੱਤੇ ਕਦਮ ਚੁੱਕਣਗੇ ਅਤੇ ਇਸ ਦਾ ਦੁਵੱਲਾ ਲਾਭ ਹੋਵੇਗਾ।

ਯੂ ਐੱਨ ਚਾਰਟਰ ਮੁਤਾਬਕ ਭਾਰਤ ਦੋ ਸਾਲ ਲਈ ਅਸਥਾਈ ਮੈਂਬਰ ਬਣਿਆ ਹੈ ਅਤੇ ਉਸ ਦੇ ਨਾਲ ਆਇਰਲੈਂਡ, ਮੈਕਸੀਕੋ ਤੇ ਨਾਰਵੇ ਵੀ ਚੁਣੇ ਗਏ ਹਨ। ਇਨ੍ਹਾਂ ਸਾਰਿਆਂ ਨੂੰ ਦੋ ਸਾਲਾਂ ਲਈ ਚੁਣਿਆ ਗਿਆ ਹੈ, ਜਿਸ ਦਾ ਸਮਾਂ ਜਨਵਰੀ 2021 ਤੋਂ ਸ਼ੁਰੂ ਹੋਵੇਗਾ। ਭਾਰਤ ਨੂੰ ਅਸਥਾਈ ਮੈਂਬਰ ਚੁਣੇ ਜਾਣ ਦੇ ਐਲਾਨ ਦੇ ਬਾਅਦ ਅਮਰੀਕਾ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ 'ਅਸੀਂ ਭਾਰਤ ਦਾ ਸਵਾਗਤ ਕਰਦੇ ਤੇ ਵਧਾਈ ਦਿੰਦੇ ਹਾਂ। ਦੋਵੇਂ ਦੇਸ਼ ਮਿਲ ਕੇ ਦੁਨੀਆ ਵਿਚ ਅਮਨ ਬਹਾਲੀ ਤੇ ਸੁਰੱਖਿਆ ਲਈ ਕੰਮ ਕਰਨਗੇ।' ਭਾਰਤ ਨੂੰ ਅਸਥਾਈ ਮੈਂਬਰ ਚੁਣੇ ਜਾਣ ਉੱਤੇ ਪਾਕਿ-ਸਤਾਨ ਪਰੇਸ਼ਾਨ ਹੈ ਅਤੇ ਵੋਟਿੰਗ ਤੋਂ ਪਹਿਲਾਂ ਹੀ ਉਸ ਦੇ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਨੇ ਕਹਿ ਦਿੱਤਾ ਸੀ ਕਿ ਭਾਰਤ ਨੂੰ ਇਹ ਮੈਂਬਰੀ ਮਿਲਣਾ ਉਨ੍ਹਾਂ ਲਈ ਚਿੰਤਾ ਦਾ ਵਿਸ਼ਾ ਹੈ। ਕੁੱਲ 193 ਮੈਂਬਰਾਂ ਵਾਲੀ ਯੂ ਐੱਨ ਜਨਰਲ ਅਸੈਂਬਲੀ ਵਿਚ ਭਾਰਤ ਨੂੰ ਸੀਟ ਜਿੱਤਣ ਦੇ ਲਈ ਦੋ-ਤਿਹਾਈ 128 ਮੈਂਬਰਾਂ ਦਾ ਸਮਰਥਨ ਚਾਹੀਦਾ ਸੀ, ਪਰ ਭਾਰਤ ਨੂੰ 184 ਦੇਸ਼ਾਂ ਨੇ ਸਮਰਥਨ ਦਿੱਤਾ ਹੈ। ਇਸ ਦੌਰਾਨ ਇੱਕ ਵੱਖਰੀ ਸੀਟ ਲਈ ਕੈਨੇਡਾ ਨੇ ਵੀ ਚੋਣ ਲੜੀ ਸੀ, ਪਰ ਉਹ ਜਿੱਤ ਨਹੀਂ ਸਕਿਆ।

# ਪੰਜਾਬ ਵਿੱਚ ਕੋਰੋਨਾ ਦੇ ਕੇਸ ਹੋਰ ਵਧੇ, ਅੰਮ੍ਰਿਤਸਰ ਵਿੱਚ ਮੌਤਾਂ ਦੀ ਗਿਣਤੀ 26 ਹੋਈ

### * ਜਲੰਧਰ ਵਿੱਚ ਵੀ 30 ਸਾਲਾ ਔਰਤ ਦੀ ਮੌਤ



ਚੰਡੀਗੜ੍ਹ, 18 ਜੂਨ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਦਾ ਵਧਣਾ ਜਾਰੀ ਹੈ ਅਤੇ ਅੰਮ੍ਰਿਤਸਰ ਵਿੱਚ ਵੀ ਇਸ ਦਾ ਕਹਿਰ ਰੁਕ ਨਹੀਂ ਰਿਹਾ। ਅੱਜ ਇਸ ਜ਼ਿਲ੍ਹੇ ਵਿਚ ਕੋਰੋਨਾ ਦੇ 34 ਹੋਰ ਪਾਜ਼ੇਟਿਵ ਮਿਲਣ ਨਾਲ ਕੇਸਾਂ ਦੀ ਗਿਣਤੀ 691 ਹੋ ਗਈ ਹੈ ਅਤੇ ਅੱਜ ਇਕ ਵਿਅਕਤੀ ਦੀ ਮੌਤ ਨਾਲ ਮੌਤਾਂ ਦੀ ਗਿਣਤੀ 26 ਹੋ ਗਈ ਹੈ।

ਇਸ ਦੌਰਾਨ ਪੰਜਾਬ ਵਿਚ ਕੋਰੋਨਾ ਵਾਇਰਸ ਦੇ ਕੁੱਲ ਕੇਸਾਂ ਦੀ ਗਿਣਤੀ ਵਧ ਕੇ 3615 ਹੋ ਗਈ ਹੈ ਅਤੇ ਇਸ ਦੌਰਾਨ 83 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪੰਜਾਬ ਵਿਚ ਕੋਰੋਨਾ ਦੇ 962 ਮਰੀਜ਼ ਹਸਪਤਾਲਾਂ ਵਿੱਚ ਹਨ, ਪਰ 2570 ਠੀਕ ਹੋ ਚੁੱਕੇ ਹਨ। ਅੱਜ ਅੰਮ੍ਰਿਤਸਰ ਵਿਚ ਕੋਰੋਨਾ ਦੇ 39 ਕੇਸ ਮਿਲੇ ਦੱਸੇ ਗਏ ਹਨ, ਮੋਹਾਲੀ 7, ਜਲੰਧਰ 1, ਪਟਿਆਲਾ 12, ਕਪੂਰਥਲਾ 2, ਸੰਗਰੂਰ 8, ਫਿਰੋਜ਼ਪੁਰ 1, ਤਰਨ ਤਾਰਨ 6, ਫਤਹਿਗੜ੍ਹ ਸਾਹਿਬ 2, ਲੁਧਿਆਣਾ ਵਿਚ 21, ਮਾਨਸਾ 1, ਹੁਸ਼ਿਆਰਪੁਰ 5, ਗੁਰਦਾਸਪੁਰ 4, ਬਰਨਾਲਾ 8 ਅਤੇ ਰੋਪੜ ਤੋਂ 1 ਕੇਸ ਨਵਾਂ ਮਿਲਿਆ ਹੈ।

ਜਲੰਧਰ ਜ਼ਿਲੇ ਦੇ ਬਲਾਕ ਭੋਗਪਰ ਦੇ ਪਿੰਡ ਪਚਰੰਗਾ ਵਿੱਚ ਰਹਿੰਦੀ ਪ੍ਰਵਾਸੀ ਔਰਤ ਰੀਤਾ ਰਾਣੀ ਦੀ ਕੱਲ੍ਹ ਸਿਵਲ ਹਸਪਤਾਲ ਜਲੰਧਰ ਵਿੱਚ ਮੌਤ ਹੋ ਗਈ ਹੈ। ਇਸ ਬਾਰੇ ਐੱਸ ਐੱਮ ਓ ਕਾਲਾ ਬੱਕਰਾ ਡਾ. ਕਮਲਪਾਲ ਸਿੱਧੂ ਨੇ ਦੱਸਿਆ ਕਿ ਰੀਤਾ ਦੇਵੀ ਨੂੰ 12 ਜੂਨ ਨੂੰ ਇੱਕ ਏ ਐਨ ਐਮ ਵੱਲੋਂ ਪੀਲੀਆ ਕਾਰਨ ਕਾਲਾ ਬੱਕਰਾ ਹਸਪਤਾਲ ਵਿੱਚ ਲਿਆਂਦਾ ਸੀ, ਜਿਸ ਪਿੱਛੋਂ ਗੰਭੀਰ ਹਾਲਤ ਦੇਖ ਕੇ ਸਿਵਲ ਹਸਪਤਾਲ ਜਲੰਧਰ ਭੇਜ ਦਿੱਤਾ ਸੀ। ਓਥੇ ਉਸ ਦੀ ਰਿਪੋਰਟ ਪਾਜ਼ੇਟਿਵ ਆਈ ਸੀ ਤੇ ਉਸ ਦਾ ਇਲਾਜ ਵੀ ਸਿਵਲ ਹਸਪਤਾਲ ਵਿੱਚ ਹੀ ਹੋ ਰਿਹਾ ਸੀ, ਜਿੱਥੇ ਉਸ ਦੀ ਮੌਤ ਹੋ ਗਈ ਹੈ।





Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਉਂਸਲ ’ਚ ਸੀਟ ਪੱਕੀ ਨਹੀਂ ਕਰ ਸਕਿਆ ਕੈਨੇਡਾ



ਓਟਵਾ, 18 ਜੂਨ (ਪੋਸਟ ਬਿਊਰੋ) : ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਉਂਸਲ ਵਿੱਚ ਆਪਣੀ ਸੀਟ ਪੱਕੀ ਕਰਨ ਵਿੱਚ ਇੱਕ ਵਾਰੀ ਫਿਰ ਕੈਨੇਡਾ ਪਿੱਛੇ ਰਹਿ ਗਿਆ ਹੈ। ਇਸ ਸਬੰਧ ਵਿੱਚ ਹੋਈ ਵੋਟਿੰਗ ਵਿੱਚ ਕੈਨੇਡਾ, ਨੌਰਵੇ ਤੇ ਆਇਰਲੈਂਡ ਤੋਂ ਮਾਤ ਖਾ ਗਿਆ।

ਵਿਸ਼ਵ ਦੀ ਸੱਭ ਤੋਂ ਤਾਕਤਵਰ ਸੰਸਥਾ ਵਿੱਚ ਸੀਟ ਹਾਸਲ ਕਰਨ ਦੀ ਇਹ ਕੈਨੇਡਾ ਦੀ ਲਗਾਤਾਰ ਦੂਜੀ ਕੋਸ਼ਿਸ਼ ਹੈ ਜੋ ਕਿ ਨਾਕਾਮ ਰਹੀ ਹੈ। ਇਸ ਤੋਂ ਦੇਸ਼ ਦੇ ਘੱਟ ਰਹੇ ਪ੍ਰਭਾਵ ਦਾ ਅੰਦਾਜ਼ਾ ਵੀ ਲਾਇਆ ਜਾ ਸਕਦਾ ਹੈ। ਲਿਬਰਲ ਸਰਕਾਰ ਤੋਂ ਪਹਿਲਾਂ ਸਾਬਕਾ ਕੰਜ਼ਰਵੇਟਿਵ ਸਰਕਾਰ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨਾਲ 2010 ਵਿੱਚ ਵੀ ਇਹ ਸੀਟ ਹਾਸਲ ਕਰਨ ਦੀ ਨਾਕਾਮ ਕੋਸ਼ਿਸ਼ ਕਰ ਚੁੱਕੀ ਹੈ।

ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਕਾਇਮ ਹੋਣ ਤੋਂ ਬਾਅਦ ਤੋਂ ਲੈ ਕੇ ਲੱਗਭਗ ਹਰੇਕ ਦਹਾਕੇ ਵਿੱਚ ਕੈਨੇਡਾ ਲੜੀਵਾਰ ਛੇ ਵਾਰੀ ਇਹ ਸੀਟ ਹਾਸਲ ਕਰ ਚੁੱਕਿਆ ਹੈ। ਐਨਡੀਪੀ ਦੇ ਵਿਦੇਸ਼ੀ ਮਾਮਲਿਆਂ ਬਾਰੇ ਕ੍ਰਿਟਿਕ ਜੈਕ ਹੈਰਿਸ ਨੇ ਆਖਿਆ ਕਿ ਇਹ ਲਿਬਰਲਾਂ ਲਈ ਨੀਂਦੋਂ ਜਾਗਣ ਦਾ ਸੰਕੇਤ ਹੈ ਤੇ ਕੈਨੇਡੀਅਨਾਂ ਲਈ ਇਹ ਸੁਨੇਹਾ ਹੈ ਕਿ ਅਸੀਂ ਬਹੁਤ ਕੁਝ ਨਹੀਂ ਕਰ ਰਹੇ।

# ਬਲਾਕ ਐਮਪੀ ਨੂੰ ਨਸਲਵਾਦੀ ਦੱਸਣ ’ਤੇ ਜਗਮੀਤ ਸਿੰਘ ਨੂੰ ਹਾਊਸ ਤੋਂ ਕੀਤਾ ਗਿਆ ਬਾਹਰ

ਓਟਵਾ, 18 ਜੂਨ (ਪੋਸਟ ਬਿਊਰੋ) : ਬਲਾਕ ਕਿਊਬਿਕੁਆ ਦੇ ਐਮਪੀ ਨੂੰ ਨਸਲਵਾਦੀ ਦੱਸਣ ਤੋਂ ਬਾਅਦ ਹਾਊਸ ਆਫ ਕਾਮਨਜ਼ ਤੋਂ ਬਾਹਰ ਕੀਤੇ ਗਏ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਉਹ ਆਪਣੀ ਆਖੀ ਗੱਲ ਉੱਤੇ ਅਜੇ ਵੀ ਕਾਇਮ ਹਨ।

ਬਲਾਕ ਕਿਊਬਿਕੁਆ ਦੇ ਹਾਊਸ ਲੀਡਰ ਐਲੇਨ ਥੈਰੇਨ ਤੋਂ ਮੁਆਫੀ ਮੰਗਣ ਤੋਂ ਇਨਕਾਰ ਕਰਨ ਤੋਂ ਬਾਅਦ ਜਗਮੀਤ ਸਿੰਘ ਨੂੰ ਹਾਊਸ ਤੋਂ ਬਾਹਰ ਕਰ ਦਿੱਤਾ ਗਿਆ। ਆਰਸੀਐਮਪੀ ਦੇ ਪੂਰੇ ਸਿਸਟਮ ਵਿੱਚ ਨਸਲਵਾਦ ਭਾਰੂ ਹੋਣ ਦੇ ਮਾਮਲੇ ਵਿਚ ਮਤੇ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰਨ ਉਪਰੰਦ ਜਗਮੀਤ ਸਿੰਘ ਨੇ ਥੈਰੇਨ ਨੂੰ ਨਸਲਵਾਦੀ ਆਖਿਆ ਸੀ।

ਫੈਡਰਲ ਸਰਕਾਰ ਵੱਲੋਂ ਕੀਤੇ ਜਾ ਰਹੇ ਖਰਚਿਆਂ ਦਾ ਅਧਿਐਨ ਕਰਨ ਲਈ ਹਾਊਸ ਦੀ ਸਪੈਸ਼ਲ ਸਿਟਿੰਗ ਦੌਰਾਨ ਇਸ ਤਰ੍ਹਾਂ ਦੇ ਪੈਦਾ ਹੋਏ ਤਣਾਅਪੂਰਨ ਮਾਹੌਲ ਤੋਂ ਕੁੱਝ ਘੰਟੇ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਨਸਲਵਾਦ ਖਿਲਾਫ ਆਵਾਜ਼ ਬੁਲੰਦ ਕਰਨ ਤੋਂ ਉਹ ਪਿੱਛੇ ਨਹੀਂ ਹਟਣਗੇ। ਉਨ੍ਹਾਂ ਆਖਿਆ ਕਿ ਗਲਤ ਸੋਚ ਵਾਲੇ ਲੋਕਾਂ ਦੇ ਇਸ ਤਰ੍ਹਾਂ ਨਾਂ ਲੈਣ ਨਾਲ ਭਾਵੇਂ ਉਨ੍ਹਾਂ ਦਾ ਕੋਈ ਭਲਾ ਨਹੀਂ ਹੋਵੇਗਾ ਪਰ ਉਨ੍ਹਾਂ ਆਖਿਆ ਕਿ ਉਸ ਸਮੇਂ ਉਹ ਗੁੱਸੇ ਵਿੱਚ ਸਨ ਤੇ ਉਹ ਆਪਣੀ ਆਖੀ ਗੱਲ ਉੱਤੇ ਅਜੇ ਵੀ ਕਾਇਮ ਹਨ।

ਜ਼ਾਹਿਰਾ ਤੌਰ ਉੱਤੇ ਭਾਵੁਕ ਨਜ਼ਰ ਆ



ਰਹੇ ਜਗਮੀਤ ਸਿੰਘ ਨੇ ਆਖਿਆ ਕਿ ਉਸ ਸਮੇਂ ਤਾਂ ਉਹ ਗੁੱਸੇ ਵਿੱਚ ਸਨ ਪਰ ਇਸ ਸਮੇਂ ਉਹ ਇਸ ਗੱਲ ਨੂੰ ਲੈ ਕੇ ਉਦਾਸ ਹਨ ਕਿਉਂਕਿ ਅਸੀਂ ਨਸਲਵਾਦ ਖਿਲਾਫ ਕਾਰਵਾਈ ਕਿਉਂ ਨਹੀਂ ਕਰ ਸਕਦੇ? ਅਸੀਂ ਲੋਕਾਂ ਨੂੰ ਬਚਾਉਣ ਲਈ ਕੁਝ ਕਿਉਂ ਨਹੀਂ ਕਰ ਸਕਦੇ? ਅਸੀਂ ਕੁਝ ਤਾਂ ਕਰ ਹੀ ਸਕਦੇ ਹਾਂ ਤੇ ਕੋਈ ਇਸ ਲਈ ਮਨ੍ਹਾਂ ਕਿਵੇਂ ਕਰ ਸਕਦਾ ਹੈ?

ਜ਼ਿਕਰਯੋਗ ਹੈ ਕਿ ਜਗਮੀਤ ਸਿੰਘ ਹਾਊਸ ਆਫ ਕਾਮਨਜ਼ ਵਿੱਚ ਇਹ ਮਤਾ ਲਿਆਉਣ ਲਈ ਸਰਬਸੰਮਤੀ ਚਾਹੁੰਦੇ ਸਨ ਕਿ ਹਾਊਸ ਇਸ ਮੁੱਦੇ ਨੂੰ ਮਾਨਤਾ ਦੇਵੇ ਕਿ ਆਰਸੀਐਮਪੀ ਵਿੱਚ ਨਸਲਵਾਦ ਹੈ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਉਹ ਆਰਸੀਐਮਪੀ ਦੇ ਬਜਟ ਦੇ ਨਾਲ ਨਾਲ ਫੈਡਰਲ ਕਾਨੂੰਨ, ਜਿਹੜਾ ਪੁਲਿਸ ਬਲ ਨੂੰ ਨਿਯੰਤਰਿਤ ਕਰਦਾ ਹੈ, ਦਾ ਮੁਲਾਂਕਣ ਕਰੇ। ਇੰਜ ਲਗ ਰਿਹਾ ਸੀ ਕਿ ਹੋਰ ਪਾਰਟੀਆਂ ਵੀ ਇਸ ਮਤੇ ਦੇ ਹੱਕ ਵਿੱਚ ਸਨ ਪਰ ਨਾਂਹ ਦੀ ਆਵਾਜ਼ ਉਸ ਏਰੀਆ ਵਿੱਚੋਂ ਆਈ ਜਿਥੇ ਬਲਾਕ ਕਿਊਬਿਕੁਆ ਬੈਠਦਾ ਹੈ।

# ਪ੍ਰੇਮ ਵਿਆਹ ਤੋਂ ਅੱਠ ਦਿਨ ਪਿੱਛੋਂ ਲਾੜੀ ਕੋਰੋਨਾ ਪਾਜ਼ੀਟਿਵ ਪਤਾ ਲੱਗੀ ਤਾਂ ਪਤੀ ਕੁਆਰੰਟਾਈਨ

ਰੇਵਾੜੀ, 18 ਜੂਨ (ਪੋਸਟ ਬਿਊਰੋ)- ਹਰਿਆਣਾ ਦੇ ਰੇਵਾੜੀ ਜ਼ਿਲੇ 'ਚ ਕੋਰੋਨਾ ਵਾਇਰਸ ਦਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। ਅੱਠ ਦਿਨ ਪਹਿਲਾਂ ਲਵ ਮੈਰਿਜ ਕਰ ਕੇ ਆਈ ਲਾੜੀ ਜਾਂਚ ਵਿੱਚ ਕੋਰੋਨਾ ਪਾਜ਼ੀਟਿਵ ਨਿਕਲੀ ਹੈ।

ਵਰਨਣ ਯੋਗ ਹੈ ਕਿ ਇਸ ਜ਼ਿਲੇ 'ਚ ਵਾਇਰਸ ਇਨਫੈਕਸ਼ਨ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਲਾੜੀ ਦੇ ਪੀੜਤ ਪਾਏ ਜਾਣ ਤੋਂ ਬਾਅਦ ਉਸ ਨੂੰ ਕੋਵਿਡ 19 ਹਸਪਤਾਲ ਭਰਤੀ ਕਰਵਾ ਦਿੱਤਾ ਗਿਆ ਹੈ ਅਤੇ ਉਸ ਦੇ ਪਤੀ ਨੂੰ ਵੀ ਕੁਆਰੰਟਾਈਨ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਉਸ ਦੇ ਸੰਪਰਕ ਵਿੱਚ ਆਏ ਲੋਕਾਂ ਦੀ ਪਛਾਣ ਦਾ ਕੰਮ ਤੇਜ਼ ਕਰ ਦਿੱਤਾ ਗਿਆ ਹੈ। ਮੀਡੀਆ ਰਿਪੋਰਟ ਅਨੁਸਾਰ ਕਾਲੂਵਾਸ ਪਿੰਡ ਦੇ ਨੌਜਵਾਨ ਨੇ ਦਿੱਲੀ ਦੀ ਕੁੜੀ ਨਾਲ ਅੱਠ ਦਿਨ ਪਹਿਲਾਂ ਲਵ ਮੈਰਿਜ ਕੀਤੀ ਸੀ। ਇਸ ਤੋਂ ਬਾਅਦ ਨੌਜਵਾਨ ਆਪਣੀ ਪਤਨੀ ਨੂੰ ਪਿਛਲੇ ਹਫਤੇ ਆਪਣੇ ਘਰ ਲੈ ਕੇ ਆਇਆ ਸੀ। ਵਿਰੋਧੀ ਧਿਰ ਦੀ ਧਮਕੀ ਕਾਰਨ ਲਾੜੀ-ਲਾੜੀ ਪੁਲਸ ਸੁਰੱਖਿਆ ਵਿੱਚ ਹਨ। ਦੱਸਿਆ ਗਿਆ ਹੈ ਕਿ ਬੀਤੇ ਦਿਨੀਂ ਸਿਹਤ ਖਰਾਬ ਹੋਣ 'ਤੇ ਪੁਲਸ ਪ੍ਰਸ਼ਾਸਨ ਨੇ ਕੁੜੀ ਦੀ ਜਾਂਚ ਕਰਵਾਈ ਤਾਂ ਉਹ ਕੋਰੋਨਾ ਪਾਜ਼ੀਟਿਵ ਨਿਕਲੀ। ਇਸ ਨਾਲ ਪੁਲਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਦੂਜੇ ਪਾਸੇ ਸਿਹਤ ਵਿਭਾਗ ਅਨੁਸਾਰ ਲਾੜਾ-ਲਾੜੀ ਦੇ ਸੰਪਰਕ 'ਚ ਆਏ ਲੋਕਾਂ ਨੂੰ ਕੁਆਰੰਟਾਈਨ ਲਈ ਕਿਹਾ ਗਿਆ ਹੈ। ਇਸ 'ਚ ਪੁਲਸ ਮੁਲਾਜ਼ਮ ਵੀ ਸ਼ਾਮਲ ਹਨ। ਦੱਸਿਆ ਗਿਆ ਹੈ ਕਿ ਅਜਿਹੇ ਲੋਕਾਂ ਦੀ ਤਲਾਸ਼ ਵੀ ਕੀਤੀ ਜਾ ਰਹੀ ਹੈ, ਜੋ ਲਾੜਾ-ਲਾੜੀ ਦੇ ਸੰਪਰਕ ਵਿੱਚ ਆਏ ਸਨ। ਪਤੀ ਨੂੰ ਵੀ ਕੁਆਰੰਟਾਈਨ ਲਈ ਕਿਹਾ ਗਿਆ ਹੈ ਅਤੇ ਸਿਹਤ ਵਿਭਾਗ ਉਸ 'ਤੇ ਸਖਤ ਨਜ਼ਰ ਰੱਖ ਰਿਹਾ ਹੈ।

# ਕੈਨੇਡਾ-ਅਮਰੀਕਾ ਸਰੱਹਦ ਉੱਤੇ ਬਰਾਮਦ ਕੀਤੀ ਗਈ 5 ਮਿਲੀਅਨ ਡਾਲਰ ਦੀ ਮੈਰੀਯੁਆਨਾ

ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਕੈਨੇਡਾ ਤੋਂ ਅਮਰੀਕਾ ਦਾਖਲ ਹੋ ਰਹੇ ਇੱਕ ਟਰੱਕ ਵਿੱਚੋਂ ਅਮਰੀਕੀ ਬਾਰਡਰ ਅਧਿਕਾਰੀਆਂ ਨੂੰ ਕਥਿਤ ਤੌਰ ਉੱਤੇ 1.5 ਟੰਨ ਤੋਂ ਵੀ ਵੱਧ ਮੈਰੀਯੁਆਨਾ ਬਰਾਮਦ ਹੋਈ ਹੈ।

ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਦਾ ਕਹਿਣਾ ਹੈ ਕਿ 13 ਜੂਨ ਨੂੰ ਦੱਖਣੀ ਓਨਟਾਰੀਓ ਤੋਂ ਨਿਊ ਯੌਰਕ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਟਰੱਕ ਵਿੱਚੋਂ ਅਧਿਕਾਰੀਆਂ ਨੂੰ 1517 ਕਿੱਲੋ ਮੈਰੀਯੁਆਨਾ ਬਰਾਮਦ ਹੋਈ। ਅਧਿਕਾਰੀਆਂ ਅਨੁਸਾਰ ਇਸ ਟਰੱਕ ਵਿੱਚ 58 ਗੱਤੇ ਦੇ ਡੱਬੇ ਸਨ ਜਿਨ੍ਹਾਂ ਵਿੱਚੋਂ ਸਾਰਿਆਂ ਵਿੱਚ ਮੈਰੀਯੁਆਨਾ ਭਰੀ ਹੋਈ ਸੀ।



ਅਧਿਕਾਰੀਆਂ ਨੇ ਦੱਸਿਆ ਕਿ ਇਹ ਮੈਰੀਯੁਆਨਾ ਅਮਰੀਕਾ ਦੇ ਉੱਤਰੀ ਤੱਟ ਉੱਤੇ ਵੱਸੇ ਕਈ ਵੱਡੇ ਸ਼ਹਿਰਾਂ ਦੀਆਂ ਸਟਰੀਟਸ ਉੱਤੇ ਵੇਚੀ ਜਾਣੀ ਸੀ। ਇੱਕ ਅੰਦਾਜ਼ੇ ਮੁਤਾਬਕ ਇਸ ਫੜ੍ਹੀ ਗਈ ਮੈਰੀਯੁਆਨਾ ਦੀ ਕੀਮਤ 5 ਮਿਲੀਅਨ ਅਮਰੀਕੀ ਡਾਲਰ ਹੋ ਸਕਦੀ ਹੈ। ਇਸ ਸਬੰਧ ਵਿੱਚ 30 ਸਾਲਾਂ ਦੇ ਪੰਜਾਬੀ ਮੂਲ ਦੇ ਗੁਰਪ੍ਰੀਤ ਸਿੰਘ ਨੂੰ ਸਰਹੱਦ ਉੱਤੇ ਗ੍ਰਿਫਤਾਰ ਕੀਤਾ ਗਿਆ ਤੇ ਉਸ ਖਿਲਾਫ ਮੈਰੀਯੁਆਨਾ ਦੀ ਸਮਗਲਿੰਗ ਕਰਨ ਤੇ ਵੰਡਣ ਦੇ ਇਰਾਦੇ ਨਾਲ ਮੈਰੀਯੁਆਨਾ ਕੋਲ ਰੱਖਣ ਦੇ ਚਾਰਜਿਜ਼ ਲਾਏ ਜਾਣਗੇ। ਦੋਸ਼ੀ ਪਾਏ ਜਾਣ ਉੱਤੇ ਉਸ ਨੂੰ 10 ਸਾਲ ਦੀ ਸਜ਼ਾ ਵੀ ਹੋ ਸਕਦੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਤੋਂ ਅੱਠ ਦਿਨ ਪਹਿਲਾਂ ਵੀ ਇਸ ਲਾਂਘੇ ਉੱਤੇ ਮੈਰੀਯੁਆਨ ਫੜ੍ਹੀ ਗਈ ਸੀ। ਉਸ ਸਮੇਂ 800 ਕਿਲੋ ਮੈਰੀਯੁਆਨਾ ਫੜ੍ਹੀ ਗਈ ਸੀ।

# ਓਨਟਾਰੀਓ ਗੁਰਦੁਆਰਾ ਕਮੇਟੀ ਨੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਾਇਰੈਕਟਰ ਤੋਂ ਮੰਗਿਆ ਅਸਤੀਫਾ



ਫਾਈਲ ਫੋਟੋ

ਬਰੈਂਪਟਨ, 18 ਜੂਨ (ਪੋਸਟ ਬਿਊਰੋ) : ਸਿੱਖਿਆ ਮੰਤਰਾਲੇ ਵੱਲੋਂ ਪੀਲ ਡਿਸਟ੍ਰਿਕਟ ਸਕੂਲ ਬੋਰਡ (ਪੀਡੀਐਸਬੀ) ਦੇ ਸਮੁੱਚੇ ਸਿਸਟਮ ਵਿੱਚ ਨਸਲਵਾਦ ਤੇ ਕਾਲੇ ਲੋਕਾਂ ਦੇ ਖਿਲਾਫ ਨਸਲਵਾਦ ਬਾਰੇ ਕਰਵਾਏ ਗਏ ਮੁਲਾਂਕਣ ਤੇ ਅਜ਼ਾਦਾਨਾ ਜਾਂਚ ਦੀਆਂ ਲੱਭਤਾਂ ਉੱਤੇ ਦ ਓਨਟਾਰੀਓ ਗੁਰਦੁ-ਆਰਾ ਕਮੇਟੀ (ਓਜੀਸੀ) ਨੇ ਡੂੰਘੀ ਚਿੰਤਾ ਪ੍ਰਗਟਾਈ ਹੈ। ਓਜੀਸੀ ਨੇ ਆਖਿਆ ਕਿ ਅਸੀ ਕਥਿਤ ਤੌਰ ਉੱਤੇ ਨਸਲਵਾਦ ਤੇ ਪੱਖਪਾਤ ਤੋਂ ਮੁਕਤ ਸਕੂਲ ਸਿਸਟਮ ਵਿੱਚ ਆਪਣੇ ਬੱਚਿਆਂ ਦੇ ਦਾਖਲੇ ਨੂੰ ਲੈ ਕੇ ਸੰਘਰਸ਼ ਕਰ ਰਹੇ ਬਲੈਕ ਕਮਿਊਨਿਟੀ ਦੇ ਲੋਕਾਂ ਨਾਲ ਖੜ੍ਹੇ ਹਾਂ। ਇਸ ਦੌਰਾਨ ਓਜੀਸੀ ਨੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਾਇਰੈਕਟਰ ਆਫ ਐਜੂਕੇਸ਼ਨ ਪੀਟਰ ਜੋਸ਼ੂਆ ਤੋਂ ਅਸਤੀਫੇ ਦੀ ਮੰਗ ਵੀ ਕੀਤੀ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ 27 ਨਵੰਬਰ, 2019 ਨੂੰ ਕਾਲੇ ਲੋਕਾਂ ਖਿਲਾਫ ਨਸਲਵਾਦ, ਇਸਲਾਮੋਫੋਬੀਆ ਤੇ ਪੂਰੇ ਸਿਸਟਮ ਵਿੱਚ ਪਾਈਆਂ ਜਾਣ ਵਾਲੀਆਂ ਊਣਤਾਈਆਂ ਦੇ ਸਬੰਧ ਵਿੱਚ ਪੀਡੀਐਸਬੀ ਦਾ ਮੁਲਾਂਕਣ ਤੇ ਜਾਂਚ ਲਾਂਚ ਕੀਤੀ ਸੀ। ਇਸ ਦੀਆਂ ਲੱਭਤਾਂ ਤੋਂ ਸਥਿਤੀ ਕਾਫੀ ਸਪਸ਼ਟ ਹੋ ਗਈ ਤੇ ਸਿੱਖਿਆ ਮੰਤਰੀ ਨੇ ਸਿਸਟਮ ਵਿਚਲੇ ਨਸਲਵਾਦ ਤੇ ਕਾਲੇ ਲੋਕਾਂ ਦੇ ਖਿਲਾਫ ਨਸਲਵਾਦ ਲਈ ਪੀਡੀਐਸਬੀ ਨੂੰ 27 ਨਿਰਦੇਸ ਦਿੱਤੇ।

ਆਜ਼ਾਦ ਜਾਂਚਕਾਰ ਆਰਲੀਨ ਹਗਿੰਜ਼ ਵੱਲੋਂ ਬੀਤੇ ਦਿਨੀ ਇੱਕ ਹੋਰ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿੱਚ ਸਪਸ਼ਟ ਲਿਖਿਆ ਗਿਆ ਕਿ ਪੀਡੀਐਸਬੀ ਸਿੱਖਿਆ ਮੰਤਰੀ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਵਿੱਚੋਂ ਕਈਆਂ ਦੀ ਪਾਲਣਾ ਨਹੀ ਕਰ ਰਿਹਾ। ਇਸ ਰਿਪੋਰਟ ਦੀਆਂ ਲੱਭਤਾਂ ਹੈਰਾਨ ਕਰਲ ਵਾਲੀਆਂ ਤੇ ਦਿਲ ਦਹਿਲਾ ਦੇਣ ਵਾਲੀਆਂ ਸਨ। ਇਸ ਨਾਲ ਨਾ ਸਿਰਫ ਪੀਡੀਐਸਬੀ ਦੀ ਲੀਡਰਸ਼ਿਪ ਦੇ ਕੰਮ ਕਰਨ ਦੇ ਢੰਗ ਉੱਤੇ ਹੀ ਸਵਾਲੀਆ ਨਿਸ਼ਾਨ ਲੱਗਿਆ ਸਗੋਂ ਕਾਲੇ ਲੋਕਾਂ ਦੇ ਖਿਲਾਫ ਨਸਲਵਾਦ ਬਾਰੇ ਕੁਝ ਕਰਨ ਦੀ ਭਾਵਨਾ ਦੀ ਘਾਟ ਵੀ ਸਾਹਮਣੇ ਆਈ।

ਓਜੀਸੀ ਇਨ੍ਹਾਂ ਲਭਤਾਂ ਤੋਂ ਕਾਫੀ ਹੈਰਾਨ ਹੈ ਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਕੀਤੇ ਜਾ ਰਹੇ ਅਨਿਆਂ ਖਿਲਾਫ ਬਲੈਕ ਕਮਿਊਨਿਟੀ ਤੇ ਮੈਂਬਰਾਂ ਤੇ ਜਥੇਬੰਦੀਆਂ ਦੇ ਨਾਲ ਖੜ੍ਹੀ ਹੈ। ਓਜੀਸੀ ਦਾ ਕਹਿਣਾ ਹੈ ਕਿ ਅਸੀ ਉਸ ਸਕੂਲ ਸਿਸਟਮ ਦੀ ਤਾਂਘ ਕਰਦੇ ਹਾਂ ਜਿਹੜਾ ਕਿਸੇ ਵੀ ਪਿਛੋਕੜ ਵਾਲੇ ਸਾਰੇ ਬੱਚਿਆਂ ਦਾ ਸਨਮਾਨ ਕਰੇ ਤੇ ਸਭ ਨੂੰ ਬਰਾਬਰ ਮੰਨੇ। ਓਜੀਸੀ ਨੇ ਇਹ ਵੀ ਆਖਿਆ ਕਿ ਉਹ ਸਿੱਖਿਆ ਮੰਤਰੀ ਲਿਚੇ ਤੋਂ ਮੰਗ ਕਰਦੇ ਹਨ ਕਿ ਉਹ ਜਾਂਚਕਾਰ ਦੀਆਂ ਲੱਭਤਾਂ ਉੱਤੇ ਸਖਤ ਕਾਰਵਾਈ ਕਰਨ। ਇਹ ਵੀ ਆਖਿਆ ਗਿਆ ਕਿ ਹੁਣ ਫੈਸਲਾਕੁੰਨ ਕਾਰਵਾਈ ਕਰਨ ਅਤੇ ਜਵਾਬਦੇਹੀ ਤੈਅ ਕਰਨ ਦਾ ਸਮਾਂ ਆ ਗਿਆ ਹੈ। ਲੰਮੇਂ ਸਮੇਂ ਤੱਕ ਪੀਡੀਐਸਬੀ ਦੀ ਲੀਡਰਸ਼ਿਪ ਤਹਿਤ ਐਂਟੀ ਬਲੈਕ ਨਸਲਵਾਦ ਤੇ ਸਿਸਟਮ ਵਿਚਲੇ ਨਸਲਵਾਦ ਨੂੰ ਪਣਪਣ ਦਿੱਤਾ ਗਿਆ। ਇਸ ਸੰਦਰਭ ਵਿੱਚ ਡਾਇਰੈਕਟਰ ਆਫ ਐਜੂਕੇਸ਼ਨ ਪੀਟਰ ਜੋਸ਼ੂਆ ਨੂੰ ਅਸਤੀਫਾ ਜ਼ਰੂਰ ਦੇਣਾ ਚਾਹੀਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਸਵੈ ਚਿੰਤਨ ਨੂੰ ਜਨਮ ਦੇਵੇਗਾ ਨਸਲਵਾਦ ਨੂੰ ਲੈ ਕੇ ਜਗਮੀਤ ਸਿੰਘ ਦਾ ਸਟੈਂਡ

ਐਨ ਡੀ ਪੀ ਆਗੂ ਜਗਮੀਤ ਸਿੰਘ ਨੂੰ ਦੋ ਦਿਨ ਪਹਿਲਾਂ ਪਾਰਲੀਮੈਂਟ ਸਪੀਕਰ ਐਂਥੋਨੀ ਰੂਟਾ ਨੇ ਸਭਾ ਵਿੱਚੋਂ ਇਸ ਲਈ ਦਿਨ ਭਰ ਵਾਸਤੇ ਬਾਹਰ ਕੱਢ ਦਿੱਤਾ ਸੀ ਕਿਉਂਕਿ ਉਸਨੇ ਬਲਾਕ ਕਿਉਬਿੱਕੋਆ ਦੇ ਇੱਕ ਐਮ ਪੀ ਅਲੇਨ ਥੈਰੀਅਨ ਨੂੰ ਨਸਲਵਾਦੀ ਆਖਿਆ ਸੀ। ਐਨਾ ਹੀ ਨਹੀਂ ਸਗੋਂ ਜਗਮੀਤ ਸਿੰਘ ਨੇ ਸਪੀਕਰ ਦੇ ਆਖਣ ਉੱਤੇ ਮੁਆਫ਼ੀ ਮੰਗਣ ਦੀ ਥਾਂ ਸਟੈਂਡ ਲਿਆ ਕਿ ਮੁਆਫੀ ਮੰਗਣਾ ਤਾਂ ਦੂਰ, ਉਹ ਆਪਣੇ ਬਿਆਨ ਨੂੰ ਵਾਪਸ ਤੱਕ ਨਹੀਂ ਲਵੇਗਾ। ਸੀ ਬੀ ਸੀ ਦੀ ਰਿਪੋਰਟ ਮੁਤਾਬਕ ਪਾਰਲੀਮੈਂਟ ਤੋਂ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਜਗਮੀਤ ਸਿੰਘ ਜਾਹਰਾ ਤੌਰ ਉੱਤੇ ਗੁੱਸੇ ਵਿੱਚ ਸਨ ਅਤੇ ਉਸਦੇ ਹੱਥਾਂ ਦਾ ਰਉਂ ਉਸਦੀ ਮਨੋਦਸ਼ਾ ਵੱਲ ਇਸ਼ਾਰਾ ਕਰਦਾ ਜਾਪਦਾ ਸੀ।

ਵਰਨਣਯੋਗ ਹੈ ਕਿ ਜਗਮੀਤ ਸਿੰਘ ਨੇ ਪਾਰਲੀਮੈਂਟ ਵਿੱਚ ਇੱਕ ਮੋਸ਼ਨ ਪੇਸ਼ ਕੀਤਾ ਸੀ ਜਿਸਦਾ ਮਨੋਰਥ ਸਮੂਹ ਸਿਆਸੀ ਪਾਰਟੀਆਂ ਦੇ ਸਹਿਯੋਗ ਨਾਲ ਮਤਾ ਪਾਸ ਕਰਨਾ ਸੀ ਕਿ ਆਰ ਸੀ ਐਮ ਪੀ (RCMP) ਸੰਸਥਾਗਤ ਨਸਲਵਾਦ (systemic racism) ਦਾ ਸ਼ਿਕਾਰ ਹੈ ਜਿਸਦਾ ਇੱਕ ਸਬੂਤ ਕਈ ਮੂਲਵਾਸੀ ਕੈਨੇਡੀਅਨਾਂ ਦਾ ਆਰ ਸੀ ਐਮ ਪੀ ਹੱਥੋਂ ਮਾਰਿਆ ਜਾਣਾ ਹੈ। ਥੈਰੀਅਨ ਇੱਕੋ ਇੱਕ ਐਮ ਪੀ ਸੀ ਜਿਸਨੇ ਇਸ ਮੋਸ਼ਨ ਦਾ ਸਮਰੱਥਨ ਨਹੀਂ ਕੀਤਾ ਜਿਸਨੂੰ ਜਗਮੀਤ ਸਿੰਘ ਨੇ ਇੱਕ ਨਸਲਵਾਦੀ ਪ੍ਰਤੀਕਰਮ ਕਰਾਰ ਦਿੱਤਾ ਹੈ।

ਨਸਲਵਾਦ ਨੂੰ ਲੈ ਕੇ ਅਸੀਂ ਸੰਵਦੇਨਸ਼ੀਲ ਸਮਿਆਂ ਵਿੱਚੋਂ ਗੁਜ਼ਰ ਰਹੇ ਹਾਂ। ਬੇਸ਼ੱਕ ਸਮੁੱਚੇ ਵਿਸ਼ਵ ਦਾ ਨਸਲਵਾਦ ਤੋਂ ਮੁਕਤ ਹੋਣਾ ਹਾਲ ਦੀ ਘੜੀ ਇੱਕ ਸੁਫਨਾ ਹੈ ਪਰ ਵਿਕਸਿਤ ਮੁਲਕਾਂ ਖਾਸ ਕਰਕੇ ਕੈਨੇਡਾ ਅਮਰੀਕਾ ਅਤੇ ਇੰਗਲੈਂਡ ਵਿੱਚ ਇਸ ਬਾਰੇ ਚੰਗੀ ਤੱਕੜੀ ਚਰਚਾ ਜਨਮ ਲੈ ਚੁੱਕੀ ਹੈ। ਜਗਮੀਤ ਸਿੰਘ ਵੱਲੋਂ ਪੇਸ਼ ਕੀਤੇ ਗਏ ਮੋਸ਼ਨ ਦਾ ਇੱਕ ਐਮ ਪੀ ਤੋਂ ਇਲਾਵਾ ਬਾਕੀ ਸਾਰਿਆਂ ਦਾ ਸਿਆਸੀ ਲੀਹਾਂ ਤੋਂ ਉੱਤੇ ਉੱਠ ਕੇ ਸਮਰੱਥਨ ਕਰਨਾ ਕੀ ਸਾਬਤ ਕਰਦਾ ਹੈ? ਇਹੀ ਕਿ ਸਾਡੇ ਸੰਵਿਧਾਨਕ ਢਾਂਚੇ ਵਿੱਚ ਇਸ ਕਰੂਪ ਦੈਂਤ ਨਾਲ ਸਿੱਝਣ ਦੀ ਇੱਛਾ ਸ਼ਕਤੀ ਮੌਜੂਦ ਹੈ। ਨਾਲ ਹੀ ਇਹ ਮੁੱਦਾ ਸਵੈ ਚਿੰਤਨ ਲਈ ਵੀ ਪ੍ਰੇਰਿਤ ਕਰਦਾ ਹੈ ਕਿ ਮਨੁੱਖੀ ਸਹਿਹੋਂਦ ਨੂੰ ਲੈ ਕੇ ਹਰ ਮੈਂਬਰ ਪਾਰਲੀਮੈਂਟ, ਹਰ ਪੱਤਰਕਾਰ, ਹਰ ਬਿਜਨਸਮੈਨ, ਹਰ ਕਮਿਉਨਿਟੀ ਆਗੂ ਅਤੇ ਕਮਿਉਨਿਟੀ ਮੈਂਬਰ ਆਪੋ ਆਪਣਾ ਰੋਲ ਕਿਵੇਂ ਅਦਾ ਕਰਦਾ ਹੈ।

ਜਗਮੀਤ ਸਿੰਘ ਦੇ ਸਿਆਸੀ ਜੀਵਨ ਵਿੱਚ ਹਾਲ ਦੇ ਸਾਲਾਂ ਦੌਰਾਨ ਨਸਲਵਾਦ ਨੂੰ ਲੈ ਕੇ ਹੋਈਆਂ ਦੋ ਤਿੰਨ ਘਟਨਾਵਾਂ ਇੱਕ ਦਿਲਚਸਪ ਦਵੰਦ ਵੱਲ ਇਸ਼ਾਰਾ ਕਰਦੀਆਂ ਹਨ। ਮਿਸਾਲ ਵਜੋਂ ਸਤੰਬਰ 2017 ਵਿੱਚ ਜੈਨੀਫਰ ਬੁਸ਼ ਨਾਮਕ ਔਰਤ ਨੇ ਜਗਮੀਤ ਸਿੰਘ ਦੀ ਬਰੈਂਪਟਨ ਵਿੱਚ ਇੱਕ ਸਿਆਸੀ ਰੈਲੀ ਦੌਰਾਨ ਉਸਨੂੰ ਮੁਸਲਮਾਨ ਆਖ ਕੇ ਮਿਸਰ ਦੇ ਕੱਟੜਪੰਥੀ ਗੁੱਟ 'ਮੁਸਲਿਮ ਬਰੱਦਰਹੁੱਡ' ਦਾ ਸਮਰੱਥਕ ਹੋਣ ਦਾ ਰੌਲਾ ਪਾਇਆ ਸੀ। ਉਸ ਵੇਲੇ ਕੈਨੇਡਾ ਭਰ ਵਿੱਚ ਜਗਮੀਤ ਸਿੰਘ ਨੇ ਪ੍ਰਸੰਸਾ ਖੱਟੀ ਸੀ ਕਿਉਂਕਿ ਉਸਨੇ ਇਸ ਔਰਤ ਪ੍ਰਤੀ ਗੁੱਸਾ ਵਿਖਾਉਣ ਦੀ ਥਾਂ ਆਖਿਆ ਸੀ, "ਅਸੀਂ ਪਰੇਮ ਅਤੇ ਹੌਸਲੇ ਵਿੱਚ ਯਕੀਨ ਰੱਖਦੇ ਹਾਂ"। ਇਸ ਘਟਨਾ ਤੋਂ ਬਾਅਦ ਉਸਦੇ ਸ਼ਬਦ ਸਮੂਹ ਕੈਨੇਡੀਅਨਾਂ ਦੇ ਦਿਲਾਂ ਵਿੱਚ ਮਧੁਰ ਸੰਗੀਤ ਵਾਗੂੰ ਗੂੰਜੇ ਸਨ ਕਿ 'ਅਸੀਂ ਇਹ ਇਜ਼ਾਜਤ ਨਹੀਂ ਦੇ ਸਕਦੇ ਕਿ ਨਫ਼ਰਤ ਸਾਡੀ ਹਾਂ ਪੱਖੀ ਵਿਚਾਰਧਾਰਾ ਨੂੰ ਗੁਮਰਾਹ ਕਰਨ ਦੇ ਸਮਰੱਥ ਬਣੇ। ਮੈਂ ਭੂਰੀ ਚਮੜੀ ਅਤੇ ਦਸਤਾਰ ਕਾਰਣ ਇਹੋ ਜਿਹੀਆਂ ਬਹੁਤ ਘਟਨਾਵਾਂ ਦਾ ਸਾਹਮਣਾ ਕੀਤਾ ਹੈ ਅਤੇ ਅੱਗੇ ਵੀ ਕਰਦਾ ਰਹਾਂਗਾ"। ਇਵੇਂ ਹੀ ਅਕਤੂਬਰ 2019 ਵਿੱਚ ਫੈਡਰਲ ਚੋਣਾਂ ਦੌਰਾਨ ਮਾਂਟਰੀਅਲ ਵਿੱਚ ਇੱਕ ਆਦਮੀ ਨੇ ਉਸਦੀ ਦਸਤਾਰ ਅਤੇ ਦਿੱਖ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ ਜਿਸ ਦੇ ਪ੍ਰਤੀਕਰਮ ਵਿੱਚ ਜਗਮੀਤ ਸਿੰਘ ਨੇ ਹਲੀਮੀ ਅਤੇ ਆਪਸੀ ਪਰੇਮ ਨੂੰ ਸਾਂਭਣਯੋਗ ਗੁਣ ਦੱਸ ਕੇ ਵਾਹ ਵਾਹ ਖੱਟੀ ਸੀ।

ਉਪਰੋਕਤ ਦੋਵੇਂ ਘਟਨਾਵਾਂ ਜਗਮੀਤ ਸਿੰਘ ਦੀ ਸਖ਼ਸ਼ੀਅਤ ਦੇ ਉਹਨਾਂ ਗੁਣਾਂ ਦਾ ਪ੍ਰਗਟਾਵਾ ਕਰਦੀਆਂ ਹਨ ਜਿਹੜੇ ਇੱਕ ਅ੍ਰਿਮਤਧਾਰੀ ਸਿੱਖ ਵਿੱਚ ਹੋਣ ਚਾਹੀਦੇ ਹਨ। ਵਿਸ਼ਵ ਭਰ ਦੇ ਹਰ ਜਾਤੀ, ਧਰਮ ਅਤੇ ਨਸਲ ਦੇ ਮਨੁੱਖਾਂ ਵਿੱਚ ਆਪਸੀ ਪਰੇਮ, ਭਾਈ ਘਨਈਆ ਵਾਗੂੰ ਵਿਰੋਧ ਵਿੱਚ ਖੜਨ ਵਾਲਿਆਂ ਨੂੰ ਵੀ ਮੁੱਹਬਤੀ ਪੱਟੀਆਂ ਕਰਨੀਆਂ ਅਤੇ ਸਰਬੱਤ ਦੇ ਭਲੇ ਵਿੱਚ ਯਕੀਨ ਕਰਨਾ ਆਦਿ। ਕੀ ਪਾਰਲੀਮੈਂਟ ਵਿੱਚ ਪਰਸੋਂ ਹੋਈ ਘਟਨਾ ਤੋਂ ਜਗਮੀਤ ਸਿੰਘ ਦਾ ਗੁੱਸੇ ਭਰਿਆ ਪ੍ਰਤੀਕਰਮ ਉਸਨੂੰ ਸਵੈ ਚਿੰਤਨ ਕਰਨ ਲਈ ਮਜ਼ਬੂਰ ਕਰੇਗਾ ਕਿ ਖੁਦ ਦੇ ਵਿਚਾਰ ਨਾਲ ਸਹਿਮਤੀ ਨਾ ਰੱਖਣ ਵਾਲਿਆਂ ਪ੍ਰਤੀ ਜਨਤਕ ਰੂਪ ਵਿੱਚ ਇੱਕ ਸਿੱਖ ਅਤੇ ਇੱਕ ਕੌਮੀ ਪਾਰਟੀ ਦੇ ਆਗੂ ਵਜੋਂ ਉਸਦਾ ਵਤੀਰਾ ਕਿਹੋ ਜਿਹਾ ਹੋਣਾ ਚਾਹੀਦਾ ਹੈ। ਖਾਸ ਕਰਕੇ ਜਦੋਂ ਸਿੱਖ ਭਾਈਚਾਰਾ ਖੁਦ ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਨਸਲਵਾਦ ਦਾ ਸ਼ਿਕਾਰ ਹੈ।

ਨਸਲਵਾਦ ਇੱਕ ਲਾਇਲਾਜ ਨਾਸੂਰ ਵਰਗੀ ਬਿਮਾਰੀ ਹੈ ਪਰ ਚਿੰਤਨ ਕਰਨਾ ਬਣਦਾ ਹੈ ਕਿ ਇਸਦਾ ਇਲਾਜ ਜਖ਼ਮ ਦੀ ਕੱਟ ਵੱਢ ਕਰਨ ਵਿੱਚ ਹੈ ਜਾਂ ਸਹੀ ਕਿਸਮ ਦੀ ਦਵਾ ਬੂਟੀ ਨਾਲ ਇਲਾਜ ਕਰਨ ਵਿੱਚ। ਜ਼ਿਕਰ ਕੀਤੀਆਂ ਗਈਆਂ ਪਹਿਲੀਆਂ ਦੋ ਘਟਨਾਵਾਂ ਜਗਮੀਤ ਸਿੰਘ ਨਾਲ ਨਿੱਜੀ ਤੌਰ 'ਤੇ ਸੰਬੰਧਿਤ ਸਨ ਅਤੇ ਪਾਰਲੀਮੈਂਟ ਵਿੱਚ ਜਗਮੀਤ ਸਿੰਘ ਲੋਕ ਹਿੱਤ ਦੀ ਗੱਲ ਕਰਦੇ ਹੋਏ ਆਰ.ਸੀ.ਐਮ.ਪੀ. ਵਲੋਂ ਨਿਯਮਤ ਢੰਗ ਨਾਲ ਕੀਤੇ ਜਾ ਰਹੇ ਨਸਲਵਾਦ ਖਿਲਾਫ਼ ਮੋਸ਼ਨ ਪਾਸ ਕਰਵਾ ਰਹੇ ਸਨ। ਸ਼ਾਇਦ ਇਹੀ ਕਾਰਨ ਹੈ ਕਿ ਉਹ ਨਿੱਜੀ ਟਿੱਪਣੀਆਂ ਨੂੰ ਤਾਂ ਸਹਿ ਗਏ ਪਰ ਲੋਕਾਂ ਪ੍ਰਤੀ ਹੋ ਰਹੇ ਨਸਲੀ ਵਿਤਕਰੇ ਨੂੰ ਨਾ ਸਹਿਣ ਕਰ ਪਾਏ ਅਤੇ ਉਨ੍ਹਾਂ ਦੀ ਸਹਿਣਸ਼ੀਲਤਾ ਗੁੱਸੇ ਵਿਚ ਤਬਦੀਲ ਹੋ ਗਈ।

# ਬਰੈਂਪਟਨ ਹਾਦਸੇ ਵਿੱਚ ਮਾਂ ਤੇ ਤਿੰਨ ਨਿੱਕੀਆਂ ਬੱਚੀਆਂ ਦੀ ਗਈ ਜਾਨ

...ਪੰਨਾ 1 ਦਾ ਬਾਕੀ

ਓਨਟਾਰੀਓ ਪੁਲਿਸ ਦੀ ਨਿਗੇਹਬਾਨ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (ਐਸਆਈਯੂ) ਨੂੰ ਮਾਮਲੇ ਦੀ ਜਾਂਚ ਕਰਨ ਲਈ ਸੱਦਿਆ ਗਿਆ ਹੈ। ਇਸ ਯੂਨਿਟ ਨੂੰ ਅਕਸਰ ਉਦੋਂ ਸੱਦਿਆ ਜਾਂਦਾ ਹੈ ਜਦੋਂ ਪੁਲਿਸ ਕਿਸੇ ਮਾਮਲੇ ਵਿੱਚ ਸ਼ਾਮਲ ਹੋਵੇ।

ਪੀਲ ਰੀਜਨਲ ਪੁਲਿਸ ਕਾਂਸਟੇਬਲ ਅਖਿਲ ਮੂਕਨ ਨੇ ਆਖਿਆ ਕਿ ਜਦੋਂ 12:15 ਵਜੇ ਦੇ ਨੇੜੇ ਤੇੜੇ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉੱਥੇ ਕਈ ਲੋਕ ਜ਼ਖ਼ਮੀ ਹੋਏ ਪਏ ਸਨ। ਇੱਕ ਬੱਚੇ ਨੂੰ ਤਾਂ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਬਾਕੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਐਂਬੂਲੈਂਸ ਰਾਹੀਂ ਵੱਖ ਵੱਖ ਹਸਪਤਾਲਾਂ ਵਿੱਚ ਇਲਾਜ ਵਾਸਤੇ ਲਿਜਾਇਆ ਗਿਆ।

ਸ਼ੁਰੂ ਵਿੱਚ ਮੂਕਨ ਨੇ ਪੱਤਰਕਾਰਾਂ ਨੂੰ ਇਹ ਦੱਸਿਆ ਸੀ ਕਿ ਬੱਚੇ ਤੇ ਮਹਿਲਾ ਹਾਦਸੇ ਵਿੱਚ ਹੀ ਮਾਰੇ ਗਏ ਸਨ ਪਰ ਬਾਅਦ ਵਿੱਚ ਪੁਲਿਸ ਨੇ ਸਹੀ ਕਰਦਿਆਂ ਹੋਇਆਂ ਦੱਸਿਆ ਕਿ ਗੰਭੀਰ ਜ਼ਖਮੀ ਹੋਣ ਕਾਰਨ ਇੱਕ ਬੱਚਾ ਹਸਪਤਾਲ ਵਿੱਚ ਜੇਰੇ ਇਲਾਜ ਹੈ। ਫਿਰ ਪੁਲਿਸ ਨੇ ਦੱਸਿਆ ਕਿ ਹਸਪਤਾਲ ਵਿੱਚ ਬੱਚੇ ਦੀ ਮੌਤ ਹੋ ਗਈ। ਬੱਚਿਆਂ ਦੀ ਉਮਰ ਇੱਕ, ਚਾਰ ਤੇ ਛੇ ਸਾਲ ਸੀ। ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਕੁੱਲ ਗਿਣਤੀ ਬਾਰੇ ਅਜੇ ਪਤਾ ਨਹੀਂ ਲੱਗ ਸਕਿਆ ਹੈ। ਪਰ ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਹਸਪਤਾਲ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਲੱਦਾਖ ਮੋਰਚੇ ਉੱਤੇ ਝੜਪ ਪਿੱਛੋਂ ਕੋਲਕਾਤਾ ਦੇ ਕਾਰੋਬਾਰੀਆਂ ਨੇ ਚੀਨ ਤੋਂ ਇੰਪੋਰਟ ਰੋਕੀ

ਕੋਲਕਾਤਾ, 18 ਜੂਨ (ਪੋਸਟ ਬਿਊਰੋ)- ਭਾਰਤੀ ਫੌਜ ਅਤੇ ਚੀਨ ਦੀ ਫੌਜ 'ਚ ਲੱਦਾਖ ਦੇ ਗਲਵਾਨ ਘਾਟੀ 'ਚ ਝੜਪ ਹੋਣ ਤੋਂ ਬਾਅਦ ਇਸ ਮਹਾਨ-ਗਰ ਦੇ ਕਾਰੋਬਾਰੀਆਂ ਨੇ ਨੇ ਚੀਨ ਤੋਂ ਇੰਪੋਰਟ ਕੀਤੇ ਜਾਂਦੇ ਸਾਮਾਨ ਨੂੰ ਰੋਕ ਦਿੱਤਾ ਹੈ।

ਵਰਨਣ ਯੋਗ ਹੈ ਕਿ ਗਲਵਾਨ ਘਾਟੀ ਵਿੱਚ ਭਾਰਤ ਦੇ 20 ਫੌਜੀ ਮਾਰੇ ਗਏ ਹਨ ਜਿਸ ਤੋਂ ਬਾਅਦ ਦੇਸ਼ 'ਚ ਚੀਨ ਦੇ ਖਿਲਾਫ ਗੁੱਸਾ ਤੇ ਚੀਨੀ ਸਾਮਾਨ ਦੇ ਬਾਈਕਾਟ ਦਾ ਮਾਹੌਲ ਹੈ। ਕੋਲਕਾਤਾ ਕਸਟਮ ਬੋਰਡ ਹਾਊਸ ਏਜੰਟ ਐਸੋਸੀਏਸ਼ਨ ਦੇ ਪ੍ਰਧਾਨ ਸੁਜੀਤ ਚੱਕਰਵਰਤੀ ਨੇ ਕਿਹਾ ਕਿ ਖਿਡੌਣਿਆਂ ਤੋਂ ਲੈ ਕੇ ਲਾਈਟ ਤੱਕ ਕਈ ਰੋਜ਼ ਦੀ ਵਰਤੋਂ ਦੇ ਸਾਮਾਨ ਚੀਨ ਤੋਂ ਮੰਗਵਾਏ ਜਾਂਦੇ ਹਨ। ਲਾਕਡਾਊਨ ਦੇ ਕਾਰਨ ਚੀਨ ਨਾਲ ਸਾਂਝਾ ਵਪਾਰ ਪਹਿਲਾਂ ਹੀ 30 ਤੋਂ 40 ਫੀਸਦੀ ਡਿੱਗ ਗਿਆ ਸੀ। ਗਲਵਾਨ ਘਾਟੀ ਦੀ ਝੜਪ ਪਿੱਛੋਂ ਕਾਰੋਬਾਰੀਆਂ ਨੇ ਆਪਣੇ ਆਰਡਰ ਰੋਕ ਦਿੱਤੇ ਤੇ ਚਿੰਤਾ ਜਤਾਈ ਹੈ।

ਇੰਜੀਨੀਅਰਿੰਗ ਇੰਪੋਰਟ ਪਰਮੋਸ਼ਨ ਕੌਂਸਲ (ਈ ਈ ਪੀ ਸੀ) ਦੇ ਚੇਅਰਮੈਨ ਰਵੀ ਸਹਿਗਲ ਨੇ ਕਿਹਾ ਕਿ ਇਸ ਝੜਪ ਦੇ ਨਾਲ ਚੀਨ ਨੂੰ ਇੰਜੀਨੀਅਰਿੰਗ ਸਾਮਾਨ ਵੇਚਣ ਵਿੱਚ ਅਸਥਾਈ ਰੁਕਵਾਟ ਆ ਸਕਦੀ ਹੈ ਕਿਉਂਕਿ ਕਾਰੋਬਾਰੀ ਤੇ ਆਮ ਲੋਕ ਕਾਰੋਬਾਰ 'ਚ ਰਾਜਨੀਤੀ ਨਹੀਂ ਮਿਲਾਉਂਦੇ। ਉਨ੍ਹਾ ਨੇ ਕਿਹਾ ਕਿ ਕਾਰੋਬਾਰੀਆਂ ਇਸ ਦੇ ਭੁਗਤਾਨ ਦੇ ਕਾਰਨ ਥੋੜ੍ਹੇ-ਬਹੁਤੇ ਚਿੰਤਤ ਹੋ ਸਕਦੇ ਹਨ, ਵਰਨਾ ਲੋਕਾਂ ਦਾ ਸੁਭਾਅ ਆਮ ਜਿਹਾ ਰਹੇਗਾ।

ਭਾਰਤ ਵੱਲੋਂ ਇੰਜੀਨੀਅਰਿੰਗ ਸਾਮਾਨ ਦੀ ਇੰਪੋਰਟ ਕਰਨ ਵਾਲੇ ਟਾਪ 25 ਦੇਸ਼ਾਂ ਵਿੱਚੋਂ ਚੀਨ ਦੋ ਦੇਸ਼ਾਂ 'ਚੋਂ ਇੱਕ ਹੈ। ਅਪ੍ਰੈਲ 2020 'ਚ ਭਾਰਤ ਦੀ ਚੀਨ ਨੂੰ ਇੰਜੀਨੀਅਰਿੰਗ ਐਕਸਪੋਰਟ ਸਾਲਾਨਾ ਆਧਾਰ 'ਤੇ ਠੀਕ ਰਹੀ ਹੈ। ਕੋਲਕਾਤਾ ਬੰਦਰਗਾਹ 'ਤੇ ਕੁਲ ਜਿੰਨੀ ਮਾਲ ਢੁਆਈ ਕੀਤੀ ਜਾਂਦੀ ਹੈ, 20 ਫੀਸਦੀ ਇਕੱਲੇ ਚੀਨ ਦੇ ਨਾਲ ਵਪਾਰ ਕਾਰਨ ਹੁੰਦੀ ਹੈ।

# ਰੇਡੀਏਸ਼ਨ ਦੀ ਘੱਟ ਖੁਰਾਕ ਨਾਲ ਠੀਕ ਹੋ ਸਕਦੇ ਨੇ ਕੋਰੋਨਾ ਵਾਲੇ ਮਰੀਜ਼

ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਰੇਡੀਏਸ਼ਨ ਦੀ ਘੱਟ ਖੁਰਾਕ ਨਾਲ ਕੋਰੋਨਾ ਮਰੀਜ਼ਾਂ ਦੇ ਠੀਕ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਗੰਭੀਰ ਬੀਮਾਰ ਕੋਵਿਡ-19 ਰੋਗੀਆਂ 'ਤੇ ਇਸ ਦਾ ਟਰਾਇਲ ਸ਼ੁਰੂ ਹੋ ਗਿਆ ਹੈ ਜਿਸਦੇ ਪਰਿਣਾਮ ਕਾਫੀ ਚੰਗੇ ਰਹੇ। ਇਸ ਇਲਾਜ ਨਾਲ ਸੰਬੰਧਿਤ ਲੇਖ ਇੱਕ ਪੱਤ੍ਰਿਕਾ ਵਿੱਚ ਛਪਿਆ ਹੈ। ਇਸ ਬਾਰੇ ਰੇਡੀਏਸ਼ਨ ਆਨਕੋਲਾਜੀ ਦੇ ਐਸੋਸੀਏਟ ਪ੍ਰੋਫੈਸਰ ਡਾ. ਮੁਹੰਮਦ ਖਾਨ ਦੀ ਅਗਵਾਈ ਵਿੱਚ ਅਟਲਾਂਟਾ ਦੀ ਏਸੋਰੀ ਯੂਨੀਵਰਸਿਟੀ ਹਸਪਤਾਲ ਦੇ ਖੋਜੀਆਂ ਨੇ ਅਜਿਹੇ 5 ਕੋਵਿਡ-19 ਰੋਗੀਆਂ ਦਾ ਇਲਾਜ ਕੀਤਾ, ਜੋ ਗੰਭੀਰ ਨਿਮੋਨੀਆ ਨਾਲ ਪੀੜਤ ਸਨ। ਇਨ੍ਹਾਂ ਮਰੀਜ਼ਾਂ ਨੂੰ ਆਕਸੀਜਨ ਦੀ ਬਹੁਤ ਲੋੜ ਸੀ ਤੇ ਉਨ੍ਹਾਂ ਦੀ ਸਿਹਤ ਲਗਾਤਾਰ ਖ਼ਰਾਬ ਹੋ ਰਹੀ ਸੀ। ਉਨ੍ਹਾਂ ਦੀ ਉਮਰ 64 ਤੋਂ 94 ਸਾਲ ਵਿੱਚੋਂ ਸੀ। ਇਨ੍ਹਾਂ ਵਿੱਚੋਂ ਚਾਰ ਮਹਿਲਾਵਾਂ ਅਫਰੀਕੀ-ਅਮਰੀਕੀ ਸਨ ਅਤੇ ਇੱਕ ਕੋਕੇਸ਼ੀਆਨ ਸੀ। ਇਨ੍ਹਾਂ ਰੋਗੀਆਂ ਦੇ ਦੋਨਾਂ ਫੇਫੜਿਆਂ ਨੂੰ ਅੱਗੇ ਤੇ ਪਿੱਛੇ ਦੇ ਬੀਮ ਵਿਨਆਸ ਨਾਲ ਰੇਡੀਏਸ਼ਨ ਦੀ ਇੱਕ ਛੋਟੀ ਖੁਰਾਕ ਦਿੱਤੀ ਗਈ। 10-15 ਮਿੰਟ ਵਿੱਚ ਮਰੀਜ਼ ਰੇਡੀਓਥੈਰੇਪੀ ਵਿਭਾਗ ਤੋਂ ਬਾਹਰ ਆ ਗਏ। ਕਰੀਬ 24 ਘੰਟਿਆਂ ਵਿੱਚ ਚਾਰ ਰੋਗੀਆਂ ਵਿੱਚ ਆਕਸੀਜਨ ਅਤੇ ਮਾਨਸਿਕ ਸਥਿਤੀ (ਅਧੀਕ ਜਾਗਣਾ, ਚੌਕਸੀ ਤੇ ਗੱਲਾਂ ਆਦਿ) ਵਿੱਚ ਤੇਜ਼ੀ ਨਾਲ ਸੁਧਾਰ ਦੇਖਿਆ ਗਿਆ ਅਤੇ 12 ਦਿਨ ਬਾਅਦ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਬਲੱਡ ਟੈੱਸਟ ਅਤੇ ਫੇਫੜਿਆਂ ਦੀ ਵਾਰ-ਵਾਰ ਇਮੇਜਿੰਗ ਨੇ ਪੁਸ਼ਟੀ ਕੀਤੀ ਕਿ ਰੇਡੀਏਸ਼ਨ ਥੈਰੇਪੀ ਸੁਰੱਖਿਅਤ ਅਤੇ ਪ੍ਰਭਾਵੀ ਸੀ ਅਤੇ ਉਸਦਾ ਕੋਈ ਉਲਟ ਅਸਰ ਵੀ ਨਹੀਂ ਦਿਖਾਈ ਦਿੱਤਾ। ਇਹ ਇਲਾਜ ਇਸ ਲਈ ਮਹੱਤਵ ਪੂਰਨ ਹੈ ਕਿ ਗੰਭੀਰ ਕੋਵਿਡ-19 ਕੇਸਾਂ ਵਿੱਚ ਸਾਈਟੋਕੀਨ ਰਿਲੀਜ਼ ਸਿੰਡ੍ਰੋਮ ਹੁੰਦਾ ਹੈ, ਜਿਸ ਨੂੰ ਸਾਈਟੋਕੀਨ ਤੁਫਾਨ ਵਜੋਂ ਜਾਣਿਆ ਜਾਂਦਾ ਹੈ। ਸਾਈਟੋਕੀਨ ਨਾਲ ਸਰੀਰ ਦੀ ਰੋਗ ਵਿਰੋਧੀ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ।

ਰੇਡੀਏਸ਼ਨ ਥੈਰੇਪੀ ਬਜ਼ੁਰਗ ਰੋਗੀਆਂ ਲਈ ਸੁਰੱਖਿਅਤ ਤੇ ਪ੍ਰਭਾਵੀ ਦੱਸੀ ਗਈ ਹੈ। ਇਨ੍ਹਾਂ ਟੈੱਸਟਾਂ ਦੀ ਅਗਵਾਈ ਕਰਨ ਵਾਲੇ ਦੇਸ਼ਾਂ ਵਿੱਚ ਅਮਰੀਕਾ (2), ਸਪੇਨ (2), ਇਟਲੀ (1), ਇਰਾਨ (1) ਅਤੇ ਭਾਰਤ (1) ਸ਼ਾਮਲ ਹਨ। ਇਸ ਬਾਰੇ ਲੋਊਲਾ ਯੂਨੀਵਰਸਿਟੀ ਮੈਡੀਕਲ ਸੈਂਟਰ ਵਿੱਚ ਡਾ. ਜੇਮਸ ਵੇਲਸ਼ ਅਤੇ ਅਮਰੀਕਨ ਕਾਲੇਜ ਆਫ ਰੇਡੀਏਸ਼ਨ ਆਨਕੋਲਾਜੀ ਦੇ ਬੋਰਡ ਦੇ ਸਾਬਕਾ ਮੁਖੀ ਅਤੇ ਜਰਨਲ ਆਫ ਰੇਡੀਏਸ਼ਨ ਆਨਕੋਲਾਜੀ ਦੇ ਐਡੀਟਰ-ਇਨ-ਚੀਫ ਵੀ ਅਗਲੇ ਕੁਝ ਮਹੀਨਿਆਂ ਵਿੱਚ ਇੱਕ ਕੌਮੀ ਟਰਾਇਲ ਸ਼ੁਰੂ ਕਰਨ ਜਾ ਰਹੇ ਹਨ।

# ਦੋ ਨੌਜਵਾਨਾਂ ਨੇ ਏਅਰ ਪਿਸਟਲ ਦਿਖਾ ਕੇ ਬੈਂਕ ਸਟਾਫ ਬੰਦੀ ਬਣਾ ਕੇ 4.80 ਲੱਖ ਲੁੱਟੇ


ਮੋਹਾਲੀ, 18 ਜੂਨ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਦੋ ਨਕਾਬਪੋਸ਼ ਨੌਜਵਾਨਾਂ ਨੇ ਫੇਜ਼-3ਏ ਕਾਮਾ ਹੋਟਲ ਦੇ ਨੇੜੇ ਪੰਜਾਬ ਨੈਸ਼ਨਲ ਬੈਂਕ ਵਿੱਚ ਵੜ ਕੇ ਕਰੀਬ ਚਾਲ ਲੱਖ ਅੱਸੀ ਹਜ਼ਾਰ ਰੁਪਏ ਦੀ ਲੁੱਟ ਕਰ ਦਿੱਤੀ।

ਪਤਾ ਲੱਗਾ ਹੈ ਕਿ ਜੋ ਨੌਜਵਾਨ ਬੈਂਕ ਵਿੱਚ ਆਏ, ਉਨ੍ਹਾਂ ਵਿੱਚੋਂ ਇੱਕ ਨੌਜਵਾਨ ਦੇ ਕੋਲ ਚਾਕੂ ਵਰਗਾ ਹਥਿਆਰ ਤੇ ਦੂਸਰੇ ਲੁਟੇਰੇ ਦੇ ਹੱਥ ਵਿੱਚ ਏਅਰ ਪਿਸਟਲ ਸੀ। ਦੋਵਾਂ ਨੇ ਬੈਂਕ ਵਿੱਚ ਮੌਜੂਦ ਸਟਾਫ ਨੂੰ ਏਅਰ ਪਿਸਟਲ ਦਿਖਾ ਕੇ ਧਮਕਾਇਆ ਅਤੇ ਇੱਕ ਪਾਸੇ ਬੰਦੀ ਬਣਾ ਲਿਆ। ਦੂਸਰੇ ਨੌਜਵਾਨ ਨੇ ਕੈਸ਼ੀਅਰ ਤੋਂ ਕੈਸ਼ ਕਢਵਾ ਕੇ ਬੈਗ ਵਿੱਚ ਭਰਿਆ ਅਤੇ ਕਰੀਬ ਦੋ ਮਿੰਟ ਵਿੱਚ ਲੁਟੇਰੇ ਕੈਸ਼ ਲੈ ਕੇ ਫਰਾਰ ਹੋ ਗਏ। ਲੁਟੇਰੇ ਸਿਲਵਰ ਰੰਗ ਦੀ ਆਈ-10 ਕਾਰ ਵਿੱਚ ਆਏ ਸਨ, ਜਿਨ੍ਹਾਂ ਦੀ ਉਮਰ ਤੀਹ-35 ਸਾਲ ਦੱਸੀ ਜਾ ਰਹੀ ਹੈ। ਉਨ੍ਹਾਂ ਦੇ ਫਰਾਰ ਹੁੰਦੇ ਸਾਰ ਬੈਂਕ ਮੈਨੇਜਰ ਨੇ ਇਸ ਦੀ ਸ਼ਿਕਾਇਤ ਪੁਲਸ ਕੰਟਰੋਲ ਰੂਮ 'ਤੇ ਦਿੱਤੀ ਤਾਂ ਡੀ ਐੱਸ ਪੀ ਸਿਟੀ-1 ਗੁਰਸ਼ੇਰ ਸਿੰਘ ਸੰਧੂ ਅਤੇ ਡੀ ਐੱਸ ਪੀ ਸਿਟੀ-2 ਕਮਲਪ੍ਰੀਤ ਸਿੰਘ ਮੌਕੇ 'ਤੇ ਪਹੁੰਚੇ, ਜਿਨ੍ਹਾਂ ਨੇ ਜਾਂਚ ਦੇ ਬਾਅਦ ਪੂਰੇ ਸ਼ਹਿਰ ਵਿੱਚ ਨਾਕਾਬੰਦੀ ਕਰਵਾ ਦਿੱਤੀ।

ਜਾਂਚ ਦੇ ਅਨੁਸਾਰ ਲੁਟੇਰੇ ਬੈਂਕ ਤੋਂ ਕਰੀਬ ਚਾਰ ਲੱਖ ਅੱਸੀ ਹਜ਼ਾਰ ਰੁਪਏ ਲੁੱਟ ਕੇ ਲੈ ਗਏ ਹਨ। ਦੋਵੇਂ ਜਣੇ ਬੈਂਕ ਵਿੱਚ ਲੱਗੇ ਸੀ ਸੀ ਟੀ ਵੀ ਫੁਟੇਜ ਵਿੱਚ ਕੈਦ ਹੋ ਗਏ ਹਨ। ਪੁਲਸ ਨੇ ਫੁਟੇਜ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਲੁਟੇਰਿਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਸੀ ਸੀ ਟੀ ਵੀ ਫੁਟੇਜ ਵਿੱਚ ਦਿਖਾਈ ਦੇਂਦਾ ਹੈ ਕਿ ਦੋਵਾਂ ਨੌਜਵਾਨਾਂ ਨੇ ਆਪਣੇ ਮੂੰਹ ਮਾਸਕ ਅਤੇ ਰੁਮਾਲ ਨਾਲ ਢੱਕੇ ਹੋਏ ਸਨ, ਜਿਨ੍ਹਾਂ ਵਿੱਚੋਂ ਇੱਕ ਨੌਜਵਾਨ ਨੇ ਸਿਰ ਉੱਤੇ ਟੋਪੀ ਪਹਿਨੀ ਹੋਈ ਹੈ। ਪੰਜਾਬ ਨੈਸ਼ਨਲ ਬੈਂਕ ਦੀ ਫੇਜ਼-3ਏ ਬ੍ਰਾਂਚ ਵਿੱਚ ਕੇਵਲ ਪੰਜ ਮਹਿਲਾ ਮੁਲਾਜ਼ਮਾਂ ਦਾ ਸਟਾਫ ਹੈ। ਬੈਂਕ ਵਿੱਚ ਸਕਿਓਰਿਟੀ ਗਾਰਡ ਨਹੀਂ ਹੈ।

ਡੀ ਐੱਸ ਪੀ ਸਿਟੀ-1 ਗੁਰਸ਼ੇਰ ਸਿੰਘ ਸੰਧੂ ਨੇ ਕਿਹਾ ਕਿ ਮਟੌਰ ਥਾਣੇ ਵਿੱਚ ਅਣਪਛਾਤੇ ਲੁਟੇਰਿਆਂ ਦੇ ਖਿਲਾਫ ਲੁੱਟ ਦਾ ਕੇਸ ਦਰਜ ਕਰ ਕੇ ਦੋਸ਼ੀਆਂ ਦੀ ਸੀ ਸੀ ਟੀ ਵੀ ਫੁਟੇਜ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਕਰ ਦਿੱਤੀ ਹੈ।

# ਟਰੰਪ ਵੱਲੋਂ ਭਾਰੀ ਬੇਰੁਜ਼ਗਾਰੀ ਦੇ ਮੱਦੇਨਜ਼ਰ, ਐਚ-1 ਬੀ ਸਮੇਤ ਰੁਜ਼ਗਾਰ ਵੀਜ਼ਾ ਮੁਅੱਤਲ ਕਰਨ 'ਤੇ ਵਿਚਾਰ



ਵਾਸ਼ਿੰਗਟਨ, 18 ਜੂਨ ( ਹੁਸਨ ਲੜੋਆ ਬੰਗਾ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਅਮਰੀਕਾ ਵਿਚ ਕੋਰੋਨਵਾਇਰਸ ਮਹਾਂਮਾਰੀ ਦੇ ਕਾਰਨ ਭਾਰੀ ਬੇਰੁਜ਼ਗਾਰੀ ਦੇ ਮੱਦੇਨਜ਼ਰ, ਐਚ -1 ਬੀ ਸਮੇਤ ਬਹੁਤ ਸਾਰੇ ਰੁਜ਼ਗਾਰ ਵੀਜ਼ਾ ਮੁਅੱਤਲ ਕਰਨ 'ਤੇ ਵਿਚਾਰ ਕਰ ਰਹੇ ਹਨ। ਦਾ ਵਾਲ ਸਟ੍ਰੀਟ ਜਰਨਲ ਨੇ ਵੀ ਬੀਤੇ ਦਿਨ ਰਿਪੋਰਟ ਵਿੱਚ ਕਿਹਾ ਸੀ ਕਿ ਪ੍ਰਸਤਾਵਿਤ ਵੀਜਾ ਮੁਅੱਤਲੀ 1 ਅਕਤੂਬਰ ਤੋਂ ਸ਼ੁਰੂ ਹੋ ਰਹੇ ਸਰਕਾਰ ਦੇ ਨਵੇਂ ਵਿੱਤੀ ਵਰ੍ਹੇ ਵਿੱਚ ਵੱਧ ਸਕਦੀ ਹੈ, ਤੇ ਦੇਸ਼ ਤੋਂ ਬਾਹਰ ਕਿਸੇ ਵੀ ਐਚ -1 ਬੀ ਧਾਰਕ ਨੂੰ ਕੰਮ 'ਤੇ ਆਉਣ ਤੋਂ ਰੋਕ ਸਕਦਾ ਹੈ ਭਾਵ ਐਚ-1 ਵੀਜਾ ਤੇ ਖਤਰਾ ਮੰਡਰਾ ਰਿਹਾ ਹੈ, ਹਾਲਾਂਕਿ ਦੇਸ਼ ਵਿਚ ਪਹਿਲਾਂ ਤੋਂ ਵੀਜ਼ਾ ਧਾਰਕਾਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਨਹੀਂ ਹੈ, ਅਮਰੀਕਾ ਵਿੱਚ ਐੱਚ -1 ਬੀ ਵੀਜਾ ਭਾਰਤ ਤੋਂ ਤਕਨਾਲੋਜੀ ਪੇਸ਼ੇਵਰਾਂ ਲਈ ਸਭ ਤੋਂ ਵੱਧ ਵਿਦੇਸ਼ੀ ਵਰਕ ਵੀਜ਼ਾ ਹੈ। ਟਰੰਪ ਪ੍ਰਸ਼ਾਸਨ ਦੇ ਅਜਿਹੇ ਫੈਸਲੇ ਦਾ ਹਜ਼ਾਰਾਂ ਭਾਰਤੀ ਆਈ ਟੀ ਪੇਸ਼ੇਵਰਾਂ 'ਤੇ ਮਾੜਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਪਹਿਲਾਂ ਹੀ ਐਚ -1 ਬੀ ਵੀਜ਼ਾ 'ਤੇ ਭਾਰਤੀਆਂ ਦੀ ਵੱਡੀ ਗਿਣਤੀ ਆਪਣੀਆਂ ਨੌਕਰੀਆਂ ਗੁਆ ਚੁੱਕੀ ਹੈ ਅਤੇ ਕੋਰੋਨ-ਵਾਇਰਸ ਮਹਾਂਮਾਰੀ ਦੇ ਦੌਰਾਨ ਵਾਪਸ ਭਾਰਤ ਘਰ ਪਰਤ ਰਹੇ ਹਨ। ਵ੍ਹਾਈਟ ਹਾਊਸ ਨੇ ਹਾਲਾਂਕਿ ਕਿਹਾ ਕਿ ਕੋਈ ਅੰਤਮ ਫੈਸਲਾ ਨਹੀਂ ਲਿਆ ਗਿਆ ਹੈ ਅਤੇ ਪ੍ਰਸ਼ਾਸਨ ਵੱਖ-ਵੱਖ ਪ੍ਰਸਤਾਵਾਂ 'ਤੇ ਵਿਚਾਰ ਕਰ ਰਿਹਾ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਹੋਗਨ ਗਿੱਡਲੀ ਨੇ ਇੱਕ ਬਿਆਨ ਵਿੱਚ ਕਿਹਾ, ਕਿ ਪ੍ਰਸ਼ਾਸਨ ਇਸ ਸਮੇਂ ਕੈਰੀਅਰ ਮਾਹਰਾਂ ਦੁਆਰਾ ਤਿਆਰ ਕੀਤੇ ਵਿਭਿੰਨ ਵਿੱਤੀ ਸਥਿਤੀਆਂ ਦਾ ਮੁਲਾਂਕਣ ਕਰ ਰਿਹਾ ਹੈ, ਜੋ ਕਿ ਅਮਰੀਕੀ ਕਾਮਿਆਂ ਅਤੇ ਨੌਕਰੀ ਭਾਲਣ ਵਾਲਿਆਂ ਦੀ ਰਾਖੀ ਲਈ ਹੈ ਪਰ ਅਜੇ ਇਸ ਪ੍ਰਤੀ ਵੀ ਕਿਸੇ ਕਿਸਮ ਦਾ ਕੋਈ ਫੈਸਲਾ ਨਹੀਂ ਲਿਆ ਗਿਆ। ਐਚ -1 ਬੀ ਵੀਜ਼ਾ ਤੋਂ ਇਲਾਵਾ, ਇਹ ਵੀਜਾ ਮੁਅੱਤਲੀ ਥੋੜ੍ਹੇ ਸਮੇਂ ਦੇ ਮੌਸਮੀ ਕਾਮਿਆਂ ਲਈ ਐਚ -2 ਬੀ ਵੀਜ਼ਾ, ਏਯੂ ਜੋੜਿਆਂ ਸਮੇਤ ਛੋਟੇ-ਮਿਆਦ ਦੇ ਕਰਮਚਾਰੀਆਂ ਲਈ ਜੇ -1 ਵੀਜ਼ਾ ਅਤੇ ਐਲ -1 ਵੀਜ਼ਾ ਤੇ ਵੀ ਲਾਗੂ ਹੋ ਸਕਦੀ ਹੈ।

ਯੂਐਸ ਚੈਂਬਰਜ਼ ਆਫ ਕਾਮਰਸ ਦੇ ਸੀ ਈ ਓ ਥਾਮਸ ਡੋਨੋਹੂ ਨੇ ਵੀਰਵਾਰ ਨੂੰ ਟਰੰਪ ਨੂੰ ਇੱਕ ਪੱਤਰ ਲਿਖ ਕੇ ਅਸਥਾਈ ਵਰਕ ਵੀਜ਼ਾ 'ਤੇ ਉਨ੍ਹਾਂ ਦੇ ਕਥਿਤ ਕਦਮ' ਤੇ ਚਿੰਤਾ ਜ਼ਾਹਰ ਕੀਤੀ ਹੈ। ਜਿਵੇਂ ਕਿ ਮਾੜੀ ਆਰਥਿਕਤਾ ਵਿੱਚ ਮੁੜ ਵਾਧਾ ਹੋਇਆ ਹੈ, ਅਮਰੀਕੀ ਕਾਰੋਬਾਰਾਂ ਨੂੰ ਇਸ ਭਰੋਸੇ ਦੀ ਜ਼ਰੂਰਤ ਹੋਏਗੀ ਕਿ ਉਹ ਆਪਣੇ ਸਾਰਿਆਂ ਕਰਮਚਾਰੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਣ। ਇਸ ਲਈ, ਇਹ ਬਹੁਤ ਮਹੱਤਵਪੂਰਨ ਹੈ ਕਿ ਅਮਰੀਕਾ ਕੋਲ ਦੁਨੀਆ ਭਰ ਤੋਂ ਪ੍ਰਤਿਭਾ ਦੀ ਪਹੁੰਚ ਹੋਵੇ, ਡੋਨੋਹੂ ਨੇ ਟਰੰਪ ਨੂੰ ਇੱਕ ਪੱਤਰ ਵਿੱਚ ਲਿਖਿਆ, ਕਿ ਅਮਰੀਕੀ ਕਾਰੋਬਾਰਾਂ ਨੂੰ ਲੋੜੀਂਦੀ ਮੁਹਾਰਤ ਲਈ ਐਲ -1 ਵੀਜ਼ਾ ਧਾਰਕਾਂ ਦੀ ਲੋੜ ਹੈ । ਯੂਐਸ ਚੈਂਬਰਜ਼ ਆਫ ਕਾਮਰਸ ਦੇ ਸੀਈਓ ਥਾਮਸ ਡੋਨੋਹੂ ਨੇ ਇਹ ਵੀ ਕਿਹਾ ਕਿ ਉਨਾਂ ਨੇ ਐਚ -1 ਬੀ ਵੀਜ਼ਾ ਧਾਰਕਾਂ ਦੀ ਮਹੱਤਤਾ ਬਾਰੇ ਰਾਸ਼ਟਰਪਤੀ ਟਰੰਪ ਨੂੰ ਇਕ ਕਿਸਮ ਦਾ ਨੋਟ ਕਰਵਾਇਆ ਹੈ ਕਿ , ਜਿਨ੍ਹਾਂ ਕੋਲ ਕਈ ਸਾਲਾਂ ਤੋਂ ਵਰਕ ਵੀਜ਼ਾ ਹੈ, ਵੱਖ-ਵੱਖ ਉਦਯੋਗਾਂ ਲਈ, ਜਿਨ੍ਹਾਂ ਵਿੱਚ ਟੈਕਨਾਲੋਜੀ, ਲੇਖਾਕਾਰੀ ਅਤੇ ਨਿਰਮਾਤਾ ਸ਼ਾਮਲ ਹਨ ਉਨਾਂ ਵਾਰੇ ਕੰਮ ਕਰਨ ਦੀ ਨੀਤੀ ਬਣਾਈ ਜਾਵੇ। ਉਹ ਨੀਤੀਆਂ ਜਿਹੜੀਆਂ, ਉਦਾਹਰਣ ਵਜੋਂ, ਗੈਰ-ਪ੍ਰਵਾਸੀ ਕਾਮਿਆਂ ਦੀ ਪ੍ਰਵੇਸ਼ 'ਤੇ ਵਿਆਪਕ ਪਾਬੰਦੀਆਂ ਲਗਾਉਣਗੀਆਂ ਤੇ ਭਾਰੀ ਨਵੇਂ ਨਿਯਮ ਨੂੰ ਲਾਗੂ ਕਰਦੀਆਂ ਹਨ, ਇਸ ਪ੍ਰਤਿਭਾ ਮੁਹ-ਾਰਤ ਨੂੰ ਕਮਜ਼ੋਰ ਕਰਨਗੀਆਂ ਅਤੇ ਇਹ ਪ੍ਰਕਿਰਿਆ ਅਮਰੀਕਾ ਦੀ ਆਰਥਿਕਤਾ ਦੇ ਵਿਕਾਸ ਅਤੇ ਨੌਕਰੀਆਂ ਪੈਦਾ ਕਰਨ ਦੀ ਯੋਗਤਾ ਨੂੰ ਕਮਜ਼ੋਰ ਕਰੇਗੀ ।

# ਰਾਤ ਜੀਹਨੂੰ ਸ਼ਹੀਦ ਮੰਨਿਆ, ਸਵੇਰੇ ਉਸ ਨੇ ਫੋਨ ਕੀਤਾ: ਹੈਲੋ, ਮੈਂ ਜ਼ਿੰਦਾ ਹਾਂ

ਛਪਰਾ, 18 ਜੂਨ (ਪੋਸਟ ਬਿਊਰੋ)- ਚੀਨੀ ਫੌਜ ਨਾਲ ਝੜਪ ਵਿੱਚ ਸ਼ਹੀਦ ਹੋਇਆ ਦੱਸਿਆ ਗਿਆ ਭਾਰਤ ਦੀ ਫੌਜ ਦਾ ਜਵਾਨ ਸੁਨੀਲ ਰਾਏ ਜ਼ਿੰਦਾ ਹੈ। ਕੱਲ੍ਹ ਜਦੋਂ ਇਹ ਖਬਰ ਆਈ ਤਾਂ ਉਸ ਦੇ ਪਰਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਮੰਗਲਵਾਰ ਨੂੰ ਉਸ ਦੀ ਸ਼ਹਾਦਤ ਦੀ ਖਬਰ ਨੇ ਪਤਨੀ ਨੂੰ ਬੇਸੁਧ ਕਰ ਦਿੱਤਾ ਸੀ।

ਛਪਰਾ ਦੇ ਸੁਨੀਲ ਰਾਏ ਨੇ ਲੇਹ ਤੋਂ ਸਵੇਰੇ 9.30 ਵਜੇ ਪਤਨੀ ਨੂੰ ਫੋਨ ਉੱਤੇ ਆਪਣੇ ਠੀਕ- ਹੋਣ ਦੀ ਸੂਚਨਾ ਦਿੱਤੀ ਤਾਂ ਇਸ ਦੇ ਬਾਅਦ ਜ਼ਿਲਾ ਮੈਜਿਸਟਰੇਟ ਨੇ ਦੱਸਿਆ ਕਿ ਫੌਜ ਦੇ ਅਧਿਕਾਰੀਆਂ ਨੂੰ ਸੁਨੀਲ ਰਾਏ ਦੇ ਨਾਂਅ ਬਾਰੇ ਗਲਤ ਫਹਿਮੀ ਹੋ ਗਈ ਸੀ। ਇਸ ਕਾਰਨ ਗਲਤ ਸੂਚਨਾ ਉਨ੍ਹਾਂ ਦੇ ਪਰਵਾਰ ਨੂੰ ਦੇ ਦਿੱਤੀ ਗਈ। ਅਸਲ ਵਿੱਚ ਜੋ ਸੁਨੀਲ ਕੁਮਾਰ ਸ਼ਹੀਦ ਹੋਇਆ ਹੈ, ਉਹ ਪਟਨਾ ਜ਼ਿਲੇ ਦਾ ਸੀ।

ਕੱਲ੍ਹ ਸਵੇਰੇ ਸੁਨੀਲ ਨੇ ਘਰ ਫੋਨ ਕੀਤਾ: 'ਹੈਲੋ, ਮੈਂ ਸੁਨੀਲ ਬੋਲ ਰਿਹਾ ਹਾਂ।' ਇਸ ਦੇ ਬਾਅਦ ਕੱਲ੍ਹ ਸਵੇਰੇ 9.30 ਵਜੇ ਗ਼ਮ ਦਾ ਮਾਹੌਲ ਬਦਲ ਗਿਆ। ਫੌਜ ਦੇ ਜਿਸ ਅਧਿਕਾਰੀ ਨੇ ਮੰਗਲਵਾਰ ਸ਼ਾਮ 5.30 ਵਜੇ ਫੋਨ ਕਰ ਕੇ ਸੁਨੀਲ ਦੀ ਸ਼ਹਾਦਤ ਦੀ ਜਾਣਕਾਰੀ ਦਿੱਤੀ ਸੀ, ਜਦ ਸੱਚਾਈ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਕੱਲ੍ਹ ਸਵੇਰੇ ਲੇਹ ਵਿੱਚ ਡਿਊਟੀ 'ਤੇ ਤੈਨਾਤ ਸੁਨੀਲ ਨੂੰ ਆਪਣੇ ਘਰ ਫੋਨ ਕਰ ਕੇ ਸਹੀ ਜਾਣਕਾਰੀ ਦੇਣ ਨੂੰ ਕਿਹਾ। ਇਸ ਦੇ ਬਾਅਦ ਸੁਨੀਲ ਨੇ ਪਤਨੀ ਮੇਨਕਾ ਨੂੰ ਫੋਨ ਕੀਤਾ। ਉਸ ਦੇ ਮੋਬਾਈਲ ਤੋਂ ਫੋਨ ਆਉਂਦੇ ਸਾਰ ਹੀ ਮੇਨਕਾ ਨੇ ਰਿਸੀਵ ਕੀਤਾ ਤਾਂ ਸੁਨੀਲ ਦੀ ਆਵਾਜ਼ ਸੁਣ ਕੇ ਪਹਿਲਾਂ ਯਕੀਨ ਨਹੀਂ ਹੋਇਆ, ਪਰ ਜਦ ਸੁਨੀਲ ਨੇ ਠੀਕ ਹੋਣ ਦੀ ਜਾਣਕਾਰੀ ਦਿੱਤੀ ਤਾਂ ਅੱਖਾਂ 'ਚੋਂ ਖੁਸ਼ੀ ਦੇ ਹੰਝੂ ਵਹਿਣ ਲੱਗੇ। ਸੁਨੀਲ ਦੇ ਫੋਨ ਕੱਟਣ ਦੇ ਬਾਅਦ ਮੇਨਕਾ ਨੇ ਘਰ ਦੇ ਲੋਕਾਂ ਨੂੰ ਜਾਣਕਾਰੀ ਦਿੱਤੀ ਤਾਂ ਫਿਰ ਮਾਹੌਲ ਖੁਸ਼ਗਵਾਰ ਹੋ ਗਿਆ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976






GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348



BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8





GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



# ਚੋਣਾਂ ਬਾਰੇ ਸੋਚਣ ਰੁੱਝੇ ਆਗੂ ਹਾਲੇ ਤੱਕ ਵਿਗੜੇ ਹਾਲਾਤ ਦੀ ਅੱਖ ਨਹੀਂ ਪਛਾਣ ਰਹੇ



ਜਤਿੰਦਰ ਪੰਨੂ

ਅਸੀਂ ਅਜੇ ਪਿਛਲੇ ਹਫਤੇ ਇਹ ਲਿਖਿਆ ਸੀ ਕਿ ਭਾਰਤ ਕੋਰੋਨਾ ਦੇ ਸ਼ਿਕੰਜੇ ਵਿੱਚੋਂ ਨਿਕਲਿਆ ਨਹੀਂ ਤੇ ਇਸ ਦੀ ਰਾਜਨੀਤੀ ਆਪਣੀਆਂ ਮੋਰਚੇਬੰਦੀਆਂ ਬਣਾਉਣ ਲੱਗ ਪਈ ਹੈ। ਜਦੋਂ ਜੰਗ ਚੱਲਦੀ ਹੋਵੇ, ਉਸ ਮੋਰਚੇ ਦੀ ਸਫਲਤਾ ਲਈ ਹਰ ਇੱਕ ਧਿਰ ਦਾ ਸਾਥ ਦੇਣਾ ਬਹੁਤ ਜ਼ਰੂਰੀ ਹੁੰਦਾ ਹੈ, ਪਰ ਜੇ ਇੱਕ ਵੀ ਧਿਰ ਆਪਣੇ ਨਿੱਜੀ ਲਾਭਾਂ ਲਈ ਓਥੋਂ ਦੇ ਸਾਂਝੇ ਹਿੱਤਾਂ ਤੋਂ ਉਲਟ ਚੱਲਣ ਲੱਗ ਪਏ ਤਾਂ ਮੋਰਚੇ ਦੀ ਕਾਮਯਾਬੀ ਸ਼ੱਕੀ ਹੋ ਜਾਂਦੀ ਹੈ। ਭਾਰਤ ਵਿੱਚ ਵੀ ਇਹੋ ਹਾਲ ਹੁੰਦਾ ਦਿੱਸ ਰਿਹਾ ਹੈ। ਲੋਕ ਕੋਰੋਨਾ ਦੀ ਮਹਾਮਾਰੀ ਤੋਂ ਘਬਰਾਏ ਹੋਏ ਹਨ। ਰਾਜਸੀ ਆਗੂਆਂ ਨੇ ਏਸੇ ਸਾਲ ਬਿਹਾਰ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਓਸੇ ਤਰ੍ਹਾਂ ਮੋਰਚੇਬੰਦੀ ਆਰੰਭ ਕਰ ਦਿੱਤੀ ਹੈ, ਜਿਵੇਂ ਦੁਨੀਆ ਦੇ ਦੂਸਰੇ ਸਿਰ ਵੱਸਦੇ ਅਮਰੀਕਾ ਦਾ ਰਾਸ਼ਟਰਪਤੀ ਦੂਸਰੀ ਵਾਰ ਇਹੋ ਅਹੁਦਾ ਮਾਨਣ ਦੇ ਲਈ ਪ੍ਰਚਾਰ ਕਰਨ ਰੁੱਝਾ ਪਿਆ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਬਿਨਾਂ ਸ਼ੱਕ ਬਿਹਾਰ ਤੋਂ ਕੁਝ ਚਿਰ ਬਾਅਦ ਹੋਣੀਆਂ ਹਨ, ਪਰ ਰਾਜਨੀਤੀ ਦੇ ਚਸਕੇਬਾਜ਼ ਉਸ ਮੋਰਚੇ ਵੱਲ ਵੀ ਅਗੇਤੇ ਹੀ ਰੁੱਝ ਗਏ ਹਨ ਅਤੇ ਵੀਡੀਓ ਕਾਨਫਰੰਸਾਂ ਰਾਹੀਂ ਚੋਣ ਬੈਠਕਾਂ ਕਰਦੇ ਪਏ ਹਨ। ਉਨ੍ਹਾਂ ਲਈ ਇਹ ਕੰਮ ਉਸੇ ਦਿਨੋਂ ਪਮੁੱਖ ਰਿਹਾ ਹੈ, ਜਦੋਂ ਤੋਂ ਉਹ ਰਾਜਨੀਤੀ ਵਿੱਚ ਆਏ ਹੋਣਗੇ ਤੇ ਆਖਰੀ ਸਾਹ ਤੱਕ ਇਹੀ ਮੁੱਖ ਕੰਮ ਰਹਿਣਾ ਹੈ।

ਭਾਰਤ ਦੇ ਛੇ ਰਾਜ ਇਸ ਵਕਤ ਕੋਰੋਨਾ ਵਾਇਰਸ ਦੇ ਪੱਖੋਂ ਵੱਡੀ ਚਿੰਤਾ ਵਾਲੇ ਹਨ। ਮਹਾਰਾਸ਼ਟਰ ਵਿੱਚ ਕੇਸਾਂ ਦੀ ਗਿਣਤੀ ਇੱਕ ਲੱਖ ਟੱਪ ਗਈ ਹੈ ਤੇ ਮੌਤਾਂ ਦੀ ਗਿਣਤੀ ਪੌਣੇ ਚਾਰ ਹਜ਼ਾਰ ਨੂੰ ਪੁੱਜ ਚੁੱਕੀ ਹੈ। ਗੁਜਰਾਤ ਰਾਜ ਵਿੱਚ ਇਸ ਵੇਲੇ ਮੌਤਾਂ ਦੀ ਗਿਣਤੀ ਚੌਦਾਂ ਸੌ ਨੂੰ ਟੱਪੀ ਪਈ ਹੈ ਤੇ ਦੇਸ਼ ਦੀ ਰਾਜਧਾਨੀ ਦਿੱਲੀ ਵੀ ਗਿਆਰਾਂ ਸੌ ਟੱਪ ਚੁੱਕੀ ਹੈ। ਪੱਛਮੀ ਬੰਗਾਲ ਵਿੱਚ ਮੌਤਾਂ ਸਾਢੇ ਚਾਰ ਸੌ ਤੋਂ ਵੱਧ ਹੋਈਆਂ ਹਨ ਤੇ ਉੱਤਰ ਪ੍ਰਦੇਸ਼ ਤੇ ਤਾਮਿਲ ਨਾਡੂ ਦੋਵੇਂ ਤਿੰਨ-ਤਿੰਨ ਸੌ ਨੂੰ ਟੱਪ ਕੇ ਅੱਗੇ ਨਿਕਲ ਚੁੱਕੇ ਹਨ। ਦਿੱਲੀ ਨਾਲੋਂ ਦੁੱਗਣੀ ਆਬਾਦੀ ਵਾਲੇ ਪੰਜਾਬ ਵਿੱਚ ਅਜੇ ਸੱਤਰ ਤੋਂ ਘੱਟ ਮੌਤਾਂ ਹੋਈਆਂ ਹਨ, ਪਰ ਪਿਛਲੇ ਹਫਤੇ ਵਿੱਚ ਜਿੰਨੀ ਕੁ ਤੇਜ਼ੀ ਵੇਖਣ ਨੂੰ ਮਿਲੀ ਹੈ, ਉਸ ਨੂੰ ਵੇਖ ਕੇ ਡਰ ਲੱਗਦਾ ਹੈ ਕਿ ਕਿਸੇ ਵੇਲੇ ਵੀ ਲੜੀ ਬੱਝਣ ਦੀ ਨੌਬਤ ਆ ਸਕਦੀ ਹੈ। ਇਸ ਮੌਕੇ ਸਾਰੀਆਂ ਧਿਰਾਂ ਦੀ ਇੱਕ-ਸੁਰਤਾ ਦੀ ਲੋੜ ਮੰਨਣ ਦੇ ਬਾਵਜੂਦ ਨਾ ਪਾਰਟੀਆਂ ਇੱਕ ਦੂਸਰੀ ਨਾਲ ਇੱਕਸੁਰਤਾ ਬਣਾ ਰਹੀਆਂ ਹਨ ਤੇ ਨਾ ਪਾਰਟੀਆਂ ਦੇ ਆਪਣੇ ਅੰਦਰਲੇ ਮੱਤਭੇਦ ਘੱਟ ਹੋਣ ਦਾ ਨਾਂਅ ਲੈ ਰਹੇ ਹਨ। ਸਿਰਫ ਇੱਕ ਅਕਾਲੀ ਪਾਰਟੀ ਹੈ, ਜਿਸ ਵਿੱਚ ਅੰਦਰੂਨੀ ਖਿੱਚੋਤਾਣ ਨਹੀਂ ਦਿੱਸਦੀ ਅਤੇ ਉਹ ਇਸ ਲਈ ਕਿ ਉਹ ਅੱਜਕੱਲ੍ਹ ਪਾਰਟੀ ਨਹੀਂ ਰਹੀ, ਬਿਜ਼ਨੈਸਮੈਨ ਪ੍ਰਧਾਨ ਨੇ ਸਿਆਸੀ ਬਿਜ਼ਨਿਸ ਵਾਲੀ ਦੁਕਾਨ ਬਣਾ ਕੇ ਏਦਾਂ ਚਲਾਉਣੀ ਆਰੰਭ ਕਰ ਦਿੱਤੀ ਹੈ ਕਿ ਜਿਸ ਕਿਸੇ ਲੀਡਰ ਨੇ ਮੱਤਭੇਦ ਵਿਖਾਏ, ਅਗਲੇ ਦਿਨ ਕੰਪਨੀ ਵਿੱਚ ਉਸ ਦੀ ਰਾਜਸੀ ਨੌਕਰੀ ਖਤਮ ਕਰਨ ਦਾ ਨੋਟਿਸ ਆ ਜਾਵੇਗਾ ਤੇ ਮੋੜੇ ਦਾ ਕੋਈ ਰਾਹ ਨਹੀਂ ਰਹਿ ਜਾਣਾ। ਕਾਂਗਰਸ ਪਾਰਟੀ ਦਾ ਕਦੀ ਕੋਈ ਲੀਡਰ ਤੇ ਕਦੀ ਕੋਈ ਧੜਾ ਦਿੱਲੀ ਵਿੱਚ ਜਾ ਕੇ ਅਣਹੋਈ ਜਿਹੀ ਜਾਪਦੀ ਹਾਈ ਕਮਾਂਡ ਨੂੰ ਆਪਣੇ ਮੁੱਖ ਮੰਤਰੀ ਦੇ ਖਿਲਾਫ ਏਦਾਂ ਅਰਜ਼ੀਆਂ ਦੇਂਦਾ ਰਹਿੰਦਾ ਹੈ, ਜਿਵੇਂ ਰਾਜ ਸਰਕਾਰ ਦੇ ਖਿਲਾਫ ਆਮ ਲੋਕੀਂ ਸੁਪਰੀਮ ਕੋਰਟ ਵੱਲ ਤੁਰੇ ਜਾਂਦੇ ਹਨ। ਆਮ ਆਦਮੀ ਪਾਰਟੀ ਵਿੱਚ ਇੱਕ ਧੜਾ ਇਸ ਗੱਲ ਲਈ ਸਰਗਰਮ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਨਾਲ ਲੈ ਲਈਏ ਤੇ ਦੂਸਰਾ ਧੜਾ ਇਸ ਗੱਲ ਲਈ ਸਿਰ ਪਰਨੇ ਹੋਇਆ ਪਿਆ ਹੈ ਕਿ ਸਿੱਧੂ ਨੂੰ ਏਧਰ ਆਉਣ ਨਹੀਂ ਦੇਣਾ।

ਜਦੋਂ ਇਹ ਸਭ ਕੁਝ ਹੁੰਦਾ ਪਿਆ ਸੀ, ਓਦੋਂ ਇਹ ਖਬਰ ਮਿਲ ਗਈ ਹੈ ਕਿ ਪੰਜਾਬ ਕਾਂਗਰਸ ਦਾ ਵੱਡਾ ਆਗੂ ਤੇ ਪਾਰਲੀਮੈਂਟ ਮੈਂਬਰ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਭਾਰਤੀ ਜਨਤਾ ਪਾਰਟੀ ਵਿੱਚ ਜਾ ਸਕਦਾ ਹੈ ਤੇ ਭਾਜਪਾ ਉਸ ਨੂੰ ਪੰਜਾਬ ਵਿੱਚ ਸਿੱਖ ਚਿਹਰੇ ਵਜੋਂ ਉਭਾਰਨ ਦੀ ਨੀਤੀ ਦਾ ਧੁਰਾ ਬਣਾਏਗੀ। ਕਿਸ ਪਾਰਟੀ ਦਾ ਕਿਹੜਾ ਆਗੂ ਕਦੋਂ ਕਿਸ ਪਾਸੇ ਤੁਰ ਜਾਵੇ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਪਰ ਪ੍ਰਤਾਪ ਸਿੰਘ ਬਾਜਵਾ ਦਾ ਭਾਜਪਾ ਨਾਲ ਜੁੜਨਾ ਕਿਸੇ ਨੂੰ ਹਕੀਕੀ ਗੱਲ ਨਹੀਂ ਜਾਪ ਰਹੀ। ਉਹ ਖੁਦ ਵੀ ਇਹੋ ਕਹਿੰਦਾ ਹੈ ਕਿ ਮੈਂ ਕਾਂਗਰਸ ਛੱਡ ਕੇ ਕਦੀ ਵੀ ਹੋਰ ਕਿਸੇ ਪਾਸੇ ਵੱਲ ਨਹੀਂ ਜਾਣਾ। ਫਿਰ ਵੀ ਇਹ ਸੱਚ ਹੈ ਕਿ ਭਾਜਪਾ ਕੋਈ ਸਿੱਖ ਚਿਹਰਾ ਅੱਗੇ ਲਾਉਣ ਲਈ ਸਭ ਘੋੜੇ ਭਜਾ ਰਹੀ ਹੈ। ਉਸ ਦੇ ਏਲਚੀਆਂ ਨੇ ਨਵਜੋਤ ਸਿੰਘ ਸਿੱਧੂ ਨੂੰ ਇੱਕ ਵਾਰੀ ਫਿਰ ਇਸ ਪਾਸੇ ਖਿੱਚਣ ਲਈ ਯਤਨ ਕੀਤੇ ਸਨ, ਪਰ ਗੱਲ ਨਹੀਂ ਬਣੀ। ਅਗਲੀਆਂ ਚੋਣਾਂ ਬਾਰੇ ਭਾਜਪਾ ਦੇ ਬਹੁਤ ਸਾਰੇ ਲੀਡਰ ਸਿੱਧੇ ਸ਼ਬਦਾਂ ਵਿੱਚ ਕਹਿੰਦੇ ਹਨ ਕਿ ਅਕਾਲੀਆਂ ਨਾਲ ਇਸ ਵਾਰੀ ਅਸੀਂ ਸਮਝੌਤਾ ਕਰਨਾ ਹੀ ਨਹੀਂ, ਕਿਉਂਕਿ ਜਿਸ ਬਰਗਾੜੀ ਤੇ ਬਹਿਬਲ ਕਲਾਂ ਦੇ ਕਾਂਡ ਪਿਛਲੀ ਵਾਰੀ ਅਕਾਲੀ-ਭਾਜਪਾ ਗੱਠਜੋੜ ਦਾ ਰਾਹ ਰੋਕ ਖੜੋਤੇ ਸਨ, ਉਨ੍ਹਾਂ ਦਾ ਗੁੱਸਾ ਅੱਜ ਵੀ ਪੰਜਾਬ ਦੇ ਲੋਕਾਂ ਵਿੱਚ ਕਾਇਮ ਹੈ। ਇਸ ਦੇ ਨਾਲ ਉਹ ਇਹ ਗੱਲ ਵੀ ਕੌੜ ਨਾਲ ਕਹਿੰਦੇ ਹਨ ਕਿ ਪੰਜਾਬ ਵਿੱਚ ਜਿੱਤ ਕੇ ਹਰ ਵਾਰ ਅਸੀਂ ਇਨ੍ਹਾਂ ਨੂੰ ਰਾਜ ਕਰਨ ਜੋਗੇ ਕਰਦੇ ਹਾਂ ਤੇ ਇਹ ਹਾਰ ਵਾਰੀ ਨਾਲ ਲੱਗਦੇ ਹਰਿਆਣੇ ਵਿੱਚ ਸਾਨੂੰ ਹਰਾਉਣ ਲਈ ਚੌਟਾਲਿਆਂ ਦੀ ਮੁਹਿੰਮ ਦੀ ਕਮਾਨ ਸੰਭਾਲਣ ਪਹੁੰਚ ਜਾਂਦੇ ਹਨ। ਤੀਸਰੀ ਕੌੜ ਉਨ੍ਹਾਂ ਨੂੰ ਇਹ ਹੈ ਕਿ ਜਦੋਂ ਵੀ ਭਾਜਪਾ ਕਿਸੇ ਗੱਲ ਤੋਂ ਜ਼ਰਾ ਅੱਖਾਂ ਦਿਖਾਵੇ ਤਾਂ ਇਹ ਸ੍ਰੀ ਅਕਾਲ ਤਖਤ ਦੇ ਜਥੇਦਾਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਏਦਾਂ ਦਾ ਬਿਆਨ ਦਿਵਾ ਛੱਡਦੇ ਹਨ, ਜਿਹੜਾ ਭਾਜਪਾ ਲੀਡਰਸ਼ਿਪ ਪ੍ਰਵਾਨ ਨਹੀਂ ਕਰ ਸਕਦੀ। ਉਨ੍ਹਾਂ ਦੀ ਸਮਝ ਇਹ ਹੈ ਕਿ ਅਕਾਲੀ ਲੀਡਰਸ਼ਿਪ ਨੂੰ ਨਾ ਸਿੱਖਾਂ ਦੇ ਭਲੇ ਦੀ ਚਿੰਤਾ ਹੈ, ਨਾ ਖਾਲਿਸਤਾਨ ਦੇ ਵਿਚਾਰ ਨਾਲ ਸਹਿਮਤੀ ਹੈ, ਪਰ ਭਾਜਪਾ ਨੂੰ ਅੱਖਾਂ ਦਿਖਾਉਣ ਲਈ ਇਹੋ ਜਿਹੇ ਮੁੱਦੇ ਆਪ ਸਿੱਧੇ ਚੁੱਕਣ ਦੀ ਥਾਂ ਪਾਸੇ ਤੋਂ ਉਭਾਰਨ ਦੇ ਹਾਲਾਤ ਬਣਾਉਂਦੇ ਹਨ ਅਤੇ ਫਿਰ ਇਸ ਦਾ ਰਾਜਸੀ ਮੁੱਲ ਵੱਟਣਾ ਚਾਹੁੰਦੇ ਹਨ। ਇਸ ਵਾਰੀ ਇਹ ਪੱਤਾ ਭਾਜਪਾ ਆਗੂ ਨਹੀਂ ਚੱਲਣ ਦੇਣਾ ਚਾਹੁੰਦੇ। ਜਿਹੜੀ ਗੱਲ ਦੀ ਆਮ ਸਿਆਸੀ ਮਾਹਰਾਂ ਵਿੱਚ ਚਰਚਾ ਹੈ, ਉਹ ਇਹ ਹੈ ਕਿ ਮਾਹੌਲ ਗਰਮ ਰੱਖ ਕੇ ਭਾਜਪਾ ਚੋਣਾਂ ਦੇ ਦਿਨਾਂ ਤੱਕ ਉਡੀਕ ਕਰੇਗੀ ਤੇ ਅਚਾਨਕ ਨੇੜੇ ਜਾ ਕੇ ਢੀਂਡਸਾ ਪਿਤਾ-ਪੁੱਤਰ ਨੂੰ ਸਿੱਧਾ ਆਪਣੇ ਨਾਲ ਜੋੜ ਕੇ ਜਾਂ ਉਨ੍ਹਾਂ ਵੱਲੋਂ ਕੋਈ ਨਵੀਂ ਅਕਾਲੀ ਧਿਰ ਖੜੀ ਕਰਵਾ ਕੇ ਉਸ ਨਾਲ ਗੱਠਜੋੜ ਕਰ ਕੇ ਮੈਦਾਨ ਵਿੱਚ ਆ ਸਕਦੀ ਹੈ। ਬਿਜ਼ਨਿਸ ਕੰਪਨੀ ਬਣ ਚੁੱਕੇ ਅਕਾਲੀ ਦਲ ਵਿੱਚ ਏਦਾਂ ਦੇ ਬੜੇ ਆਗੂ ਬੈਠੇ ਹਨ, ਜਿਹੜੇ ਇਸ ਪੈਂਤੜੇ ਲਈ ਭਾਜਪਾ ਵੱਲ ਮੋੜਾ ਕੱਟਣ ਨੂੰ ਤਿਆਰ ਹੋ ਸਕਦੇ ਹਨ।

ਫਿਰ ਵੀ ਸੌ ਸਵਾਲਾਂ ਦਾ ਸਵਾਲ ਇਹ ਹੈ ਕਿ ਜਿਹੜੇ ਭਾਰਤ ਵਿੱਚ ਅੱਧ ਫਰਵਰੀ ਵਿੱਚ ਕੋਰੋਨਾ ਦੇ ਤਿੰਨ ਕੇਸਾਂ ਤੋਂ ਬਿਮਾਰੀ ਸ਼ੁਰੂ ਹੋਈ ਅਤੇ ਜੂਨ ਅੱਧ ਤੱਕ ਤਿੰਨ ਲੱਖ ਨੂੰ ਟੱਪ ਚੁੱਕੀ ਹੈ, ਉਸ ਵਿੱਚ ਪੰਜਾਬ ਦੀਆਂ ਪੌਣੇ ਦੋ ਸਾਲਾਂ ਨੂੰ ਹੋਣ ਵਾਲੀਆਂ ਚੋਣਾਂ ਤੱਕ ਇਨ੍ਹਾਂ ਕੇਸਾਂ ਦੀ ਲੜੀ ਕੀ ਦੇਸ਼ ਨੂੰ ਚੋਣਾਂ ਲੜਨ ਜੋਗਾ ਛੱਡੇਗੀ? ਬਾਰਾਂ ਮਾਰਚ ਨੂੰ ਜਿਸ ਭਾਰਤ ਵਿਚ ਪਹਿਲੀ ਮੌਤ ਹੋਈ ਤੇ ਬਾਰਾਂ ਜੂਨ ਟੱਪਣ ਤੱਕ ਸਿਰਫ ਤਿੰਨ ਮਹੀਨਿਆਂ ਵਿੱਚ ਨੌਂ ਹਜ਼ਾਰ ਨੇੜੇ ਪਹੁੰਚ ਗਈ ਹੈ, ਉਸ ਵਿੱਚ ਜਦੋਂ ਹੋਰ ਚਾਰ ਮਹੀਨਿਆਂ ਨੂੰ ਬਿਹਾਰ ਵਿੱਚ ਚੋਣਾਂ ਹੋਣੀਆਂ ਹਨ, ਏਸੇ ਰਫਤਾਰ ਨਾਲ ਗਿਣਤੀ ਹੋਰ ਦਸ-ਪੰਦਰਾਂ ਹਜ਼ਾਰ ਟੱਪ ਕੇ ਲੱਖ ਦੇ ਚੌਥੇ ਹਿੱਸੇ ਨੇੜੇ ਪੁੱਜ ਸਕਦੀ ਹੈ। ਅੱਧਾ ਸਾਲ ਹੋਰ ਲੰਘਾ ਕੇ ਜਦੋਂ ਪੱਛਮੀ ਬੰਗਾਲ ਦੀ ਵਿਧਾਨ ਸਭਾ ਚੋਣ ਦਾ ਸਮਾਂ ਆਇਆ, ਓਦੋਂ ਤੱਕ ਕਿਸ ਹੱਦ ਤੱਕ ਜਾ ਪਹੁੰਚੇਗੀ, ਇਸ ਦਾ ਪਤਾ ਨਹੀਂ। ਉਨ੍ਹਾਂ ਹਾਲਾਤ ਵਿੱਚ ਕੀ ਭਾਰਤ ਦੇ ਲੋਕ ਏਨੇ ਸੰਵੇਦਨਾਹੀਣ ਹੋ ਜਾਣਗੇ ਕਿ ਉਹ ਡੋਨਾਲਡ ਟਰੰਪ ਵਾਂਗ ਕਿਸੇ ਰਾਜਸੀ ਆਗੂ ਦੀ ਰਾਜ ਦਾ ਸੁੱਖ ਮਾਣਦੇ ਰਹਿਣ ਜਾਂ ਕਿਸੇ ਹੋਰ ਨੂੰ ਪਰਖਣ ਲਈ ਵੈਣ ਪਾਉਣੇ ਭੁੱਲ ਕੇ ਵੋਟਾਂ ਪਾਉਣ ਤੁਰ ਪੈਣਗੇ? ਇਹ ਗੱਲ ਸੋਚਣਾ ਆਪਣੇ ਆਪ ਵਿੱਚ ਮੂਰਖਤਾ ਜਾਪਦਾ ਹੈ। ਡਰ ਸਗੋਂ ਇਸ ਗੱਲ ਦਾ ਹੈ ਕਿ ਓਦੋਂ ਤੱਕ ਭਾਰਤ ਇਸ ਲਈ ਬਦ-ਅਮਨੀ ਦੇ ਰਾਹ ਪੈ ਸਕਦਾ ਹੈ ਕਿ ਕੋਰੋਨਾ ਦੇ ਕਾਰਨ ਕਾਰਖਾਨੇ ਤੇ ਹੋਰ ਕਾਰੋਬਾਰ ਠੱਪ ਹੋਣ ਨਾਲ ਜਿਨ੍ਹਾਂ ਲੋਕਾਂ ਕੋਲ ਖਾਣ ਲਈ ਕੁਝ ਨਹੀਂ, ਉਹ ਆਪਣੇ ਢਿੱਡ ਦੀ ਭੁੱਖੋਂ ਤੰਗ ਆ ਕੇ ਕਿਸੇ ਵੀ ਹੱਦ ਤੱਕ ਬੇਕਾਬੂ ਹੋ ਸਕਦੇ ਹਨ। ਕੇਂਦਰ ਜਾਂ ਰਾਜਾਂ ਦੇ ਰਾਜ ਕਰਤਿਆਂ ਵਿੱਚੋਂ ਕਿਸੇ ਦੇ ਵੀ ਇਹ ਗੱਲ ਸੁਫਨੇ ਵਿੱਚ ਨਹੀਂ ਆ ਰਹੀ ਕਿ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਤਾਂ ਭਾਰਤ ਵਿੱਚ ਚੋਣਾਂ ਦੀ ਥਾਂ ਰੋਣਾ ਭਾਰੂ ਹੋ ਸਕਦਾ ਹੈ ਤੇ ਜੇ ਏਦਾਂ ਹੋਇਆ ਤਾਂ ਸਿਰਫ ਲੋਕ ਨਹੀਂ, ਲੀਡਰ ਵੀ ਇਸ ਨੂੰ ਨਾਲ ਹੀ ਭੁਗਤਣਗੇ।


# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224


# ਮਾਂ ਦੀਆਂ ਚਾਰ ਬੁੱਕਲਾਂ

-ਮਨਜੀਤ ਕੌਰ ਬਰਾੜ

ਮੇਰੇ ਪੇਕਿਆਂ ਤੋਂ ਜਦੋਂ ਵੀ ਕੋਈ ਵੇਲੇ ਕੁਵੇਲੇ ਫੋਨ ਆਉਂਦਾ, ਮੇਰੀ ਜਾਨ ਹੀ ਨਿਕਲ ਜਾਂਦੀ। ਮੈਨੂੰ ਲੱਗਦਾ ਕਿ ਕਿਤੇ ਮੇਰੀ ਮਾਂ ਨੂੰ ਨਾ ਕੁਝ ਹੋ ਗਿਆ ਹੋਵੇ। ਉਹ ਅੰਦਾਜ਼ਨ ਅੱਠ ਦਹਾਕੇ ਭੋਗ ਚੁੱਕੀ ਸੀ ਤੇ ਹੁਣ ਕਈ ਸਾਲਾਂ ਤੋਂ ਮੰਜੇ 'ਤੇ ਪਈ ਸੀ। ਬਸ ਕੰਧ ਨੂੰ ਹੱਥ ਪਾ ਕੇ ਆਪਣਾ ਨਿੱਤ ਨੇਮ ਦਾ ਡੰਗ ਸਾਰ ਲੈਂਦੀ ਸੀ। ਮੈਂ ਪੰਦਰਾਂ ਵੀਹ ਦਿਨਾਂ ਬਾਅਦ ਉਸ ਨੂੰ ਮਿਲਣ ਲਈ ਪਿੰਡ ਗੇੜਾ ਮਾਰ ਲੈਂਦੀ। ਉਹ ਹਮੇਸ਼ਾ ਦੀ ਤਰ੍ਹਾਂ ਮੈਨੂੰ ਉਡਕਦੀ ਮਿਲਦੀ। ਜਦੋਂ ਮੈਂ ਜਾਂਦੀ, ਮੈਨੂੰ ਆਪਣੀ ਬੁੱਕਲ 'ਚ ਲੈ ਲੈਂਦੀ, ਮੇਰਾ ਸਿਰ ਪਲੋਸਦੀ, ਪਿਆਰ ਕਰਦੀ ਅਤੇ ਆਪਣੇ ਕੋਲ ਮੰਜੇ 'ਤੇ ਬਿਠਾ ਲੈਂਦੀ। ਮੇਰੇ ਨਾਲ ਬੀਤੇ ਸਮੇਂ ਦੀਆਂ ਗੱਲਾਂ ਛੇੜ ਲੈਂਦੀ। ਸਾਡੇ ਬਚਪਨ ਦੀਆਂ ਗੱਲਾਂ ਯਾਦ ਕਰ ਕੇ ਕਦੇ ਉਹ ਹਸਦੀ, ਕਦੇ ਮੇਰੇ ਪਿਓ ਨੂੰ ਅਤੇ ਆਪਣੇ ਵਿਛੜ ਚੁੱਕੇ ਭੈਣ ਭਰਾਵਾਂ ਨੂੰ ਯਾਦ ਕਰਕੇ ਰੋਣ ਲੱਗ ਜਾਂਦੀ। ਕਈ ਵਾਰ ਮੈਨੂੰ ਕਹਿੰਦੀ, 'ਧੀਏ, ਰੋਟੀ ਕੱਪੜਾ ਤਾਂ ਜੇਲ ਵਿੱਚ ਕੈਦੀਆਂ ਨੂੰ ਵੀ ਮਿਲ ਜਾਂਦਾ ਏ। ਬੁਢਾਪੇ 'ਚ ਲੋੜ ਹੁੰਦੀ ਹੈ ਸਾਥ ਦੀ, ਪਰ ਅੱਜ ਕੱਲ੍ਹ ਤਾਂ ਕੋਈ ਆਪਸ ਵਿੱਚ ਨਹੀਂ ਬੋਲਦਾ, ਮੇਰੇ ਨਾਲ ਕਿਸੇ ਨੇ ਕੀ ਬੋਲਣੇ। ਹਰੇਕ ਦੇ ਹੱਥ ਵਿੱਚ ਫੋਨ ਫੜਿਆ ਹੋਇਆ ਏ ਤੇ ਉਸੇ 'ਤੇ ਅੱਖਾਂ ਗੱਡੀ ਰੱਖਦੇ ਨੇ, 'ਕੱਲੇ ਹੱਸੀ ਜਾਂਦੇ ਨੇ। ਸਾਡੇ ਵੇਲੇ ਇਵੇਂ ਕਰਨ ਵਾਲਿਆਂ ਨੂੰ ਕਹਿੰਦੇ ਸੀ ਜਾਂ ਤਾਂ ਇਹ ਕਮਲਾ ਹੋ ਗਿਆ ਜਾਂ ਫਿਰ ਇਸ ਵਿੱਚ ਕੋਈ ਓਪਰੀ 'ਵਾ ਆ ਗਈ ਏ।'

ਰਾਤ ਨੂੰ ਮੈਂ ਸੌਂ ਜਾਂਦੀ, ਪਰ ਆਪ ਉਹ ਜਾਗਦੀ ਰਹਿੰਦੀ। ਕਦੇ ਮੇਰੇ ਸਿਰ 'ਤੇ ਹੱਥ ਫੇਰਦੀ, ਕਦੇ ਪੈਰ ਦੱਬਦੀ ਕਦੇ ਚਾਦਰ ਖੇਸ ਠੀਕ ਕਰਦੀ ਰਹਿੰਦੀ। ਆਉਣ ਵੇਲੇ ਫੇਰ ਆਪਣੀ ਬੁੱਕਲ 'ਚ ਲੈ ਕੇ ਰੋਣ ਲੱਗ ਜਾਂਦੀ। ਮੈਂ ਮਾਂ ਦੀਆਂ ਭਾਵਨਾਵਾਂ ਨੂੰ ਸਮਝਦੀ ਸੀ। ਉਹ ਇਕੱਲਤਾ ਦੀ ਮਾਰੀ ਪਈ ਸੀ। ਇਹੀ ਕਾਰਨ ਸੀ ਕਿ ਉਹ ਮੈਨੂੰ ਉਡੀਕਦੀ ਰਹਿੰਦੀ। ਜਿਸ ਦਿਨ ਉਸ ਨੂੰ ਮੇਰੇ ਆਉਣ ਦਾ ਪਤਾ ਹੁੰਦਾ, ਉਹ ਹੌਲੀ-ਹੌਲੀ ਤੁਰ ਕੇ ਦਰਵਾਜ਼ੇ ਦੀ ਦਹਿਲੀਜ਼ ਦੇ ਅੰਦਰ ਬਾਹਰ ਪੀੜ੍ਹੀ ਡਾਹ ਕੇ ਬੈਠੀ ਹੁੰਦੀ। ਮੈਂ ਮਾਂ ਨੂੰ ਸਮਝਾਉਂਦੀ ਕਿ ਤੂੰ ਕਿਉਂ ਔਖੀ ਹੋਈ, ਆਉਣਾ ਤਾਂ ਮੈਂ ਅੰਦਰ ਹੀ ਸੀ।

ਉਸ ਦਿਨ ਮਾਂ ਨੇ ਗੱਲਾਂ ਘੱਟ ਕੀਤੀਆਂ, ਪਰ ਰੋਈ ਬਹੁਤਾ। ਮੇਰੇ ਪੁੱਛਣ ਉੱਤੇ ਵੀ ਟਾਲ ਮਟੋਲ ਕਰਦੀ ਰਹੀ। ਜਦੋਂ ਮੈਂ ਖਹਿੜੇ ਪੈ ਗਈ ਤੇ ਭਰੇ ਗਲੇ ਨਾਲ ਰੋਸਾ ਦਿਖਾਇਆ ਤਾਂ ਬੋਲੀ, 'ਮੈਂ ਸੋਚਦੀ ਹਾਂ ਜੇ ਮੈਨੂੰ ਕੁਝ ਹੋ ਗਿਆ ਤਾਂ ਤੂੰ ਰੋਂਦੀ ਆਵੇਂਗੀ। ਤੈਨੂੰ ਚੁੱਪ ਕੌਣ ਕਰਾਊ? ਤੂੰ ਰੋਈ ਨਾ..ਮੈਂ ਹੁਣ ਜਾਣਾ ਹੀ ਹੈ ਧੀਏ, ਉਮਰ ਭੋਗੀ ਬੈਠੀ ਹਾਂ।' ਮਾਂ ਦੀ ਗੱਲ ਸੁਣ ਕੇ ਮੈਂ ਅੰਦਰ ਤੱਕ ਕੰਬ ਗਈ, ਪਰ ਆਪਣੇ ਹਾਵ ਭਾਵ ਚਿਹਰੇ 'ਤੇ ਨਾ ਆਉਣ ਦਿੱਤੇ। ਮਾਂ ਨੂੰ ਜੱਫੀ ਪਾ ਕੇ ਕਿਹਾ, 'ਮਾਂ ਅਜਿਹੀਆਂ ਗੱਲਾਂ ਨਾ ਸੋਚਿਆ ਕਰ, ਕੁਝ ਨਹੀਂ ਹੋਣ ਲਗਾ।' ਗੱਲਾਂ-ਗੱਲਾਂ ਵਿੱਚ ਮਾਂ ਸਹਿਜ ਹੋ ਗਈ, ਪਰ ਮੈਂ ਸੋਚੀ ਜਾਵਾਂ, ਰੱਬਾ, ਤੂੰ ਮਾਂ ਕੀ ਸ਼ੈਅ ਬਣਾਈ, ਜਿਸ ਨੂੰ ਆਪਣੇ ਮਰਨ ਦਾ ਦੁੱਖ ਨਹੀਂ, ਮੇਰੇ ਰੋਣ ਦਾ ਹੈ।

ਫੇਰ ਉਹੀ ਹੋਇਆ, ਜਿਸ ਦਾ ਡਰ ਸੀ। ਇਕ ਦਿਨ ਸੁਨੇਹਾ ਆਇਆ ਕਿ ਮਾਂ ਚਲੀ ਗਈ। ਮੈਂ ਬਹੁਤ ਰੋਈ। ਮੈਨੂੰ ਪਹਿਲੀ ਵਾਰ ਇਸ ਗੱਲ ਦਾ ਅਹਿਸ-ਾਸ ਹੋਇਆ ਕਿ ਜਦੋਂ ਕੋਈ ਵੱਡਾ ਦਰੱਖਤ ਡਿਗਦਾ ਹੈ ਤਾਂ ਪੱਤੇ ਕਿਵੇਂ ਕੰਬਦੇ ਨੇ। ਭੋਗ ਪੈਣ ਤੋਂ ਆਉਣ ਵੇਲੇ ਤੱਕ ਮੈਨੂੰ ਮਾਂ ਬਹੁਤ ਯਾਦ ਆਈ। ਉਸ ਦਾ ਮੈਨੂੰ ਉਡੀਕਣਾ, ਬੁੱਕਲ 'ਚ ਲੈਣਾ, ਅੱਖਾਂ ਭਰ ਕੇ ਮੇਰੇ ਵੱਲ ਵੇਖਣਾ, ਮੁੱਠੀ ਵਿੱਚ ਸ਼ਗਨ ਦੇਣਾ, ਉਸ ਦੀ ਨਿੱਘੀ ਛੋਹ ਅਤੇ ਉਸ ਦਾ ਜਲਦੀ ਗੇੜਾ ਮਾਰਨ ਲਈ ਕਹਿਣਾ ਆਦਿ। ਮਾਂ ਤੋਂ ਬਿਨਾਂ ਘਰ ਸੁੰਨਾ-ਸੁੰਨਾ ਲੱਗਦਾ ਸੀ। ਕਦੇ ਮੈਨੂੰ ਮਾਂ ਮਾਲਾ ਫੇਰਦੀ ਦਿਸਦੀ, ਕਦੇ ਖੂੰਡੀ ਨਾਲ ਤੁਰਦੀ ਦਿਸਦੀ। ਭੋਗ ਪੈਣ ਤੋਂ ਬਾਅਦ ਮੈਂ ਆਪਣੇ ਘਰ ਵਾਪਸ ਆ ਗਈ ਅਤੇ ਨਾਲ ਲੈ ਆਈ ਮਾਂ ਦੀ ਮਿੱਠੀ ਯਾਦ।

ਕੁਝ ਦਿਨਾਂ ਬਾਅਦ ਮੇਰਾ ਭਰਾ ਮੈਨੂੰ ਲੈਣ ਆ ਗਿਆ। ਮੈਂ ਅੰਦਰ ਬਾਹਰ ਵੜਦੀ ਫਿਰਾਂ। ਮੈਂ ਕਿਵੇਂ ਆਖਾਂ, ਵੀਰ ਮੈਂ ਨਹੀਂ ਜਾਣਾ ਓਸ ਘਰੇ, ਉਥੇ ਮੇਰਾ ਕੀ ਹੈ ਹੁਣ? ਮਾਂ ਦਾ ਖਾਲੀ ਕਮਰਾ ਤੇ ਖਾਲੀ ਮੰਜਾ ਮੇਰੇ ਤੋਂ ਵੇਖ ਨਹੀਂ ਹੋਣਾ। ਮੈਂ ਰੋਂਦੀ ਹੋਈ ਵੀਰ ਨਾਲ ਆ ਗਈ। ਸਾਰੇ ਰਸਤੇ ਮੇਰੀ ਅੱਖ ਨਾ ਸੁੱਕੀ। ਹੰਝੂਆਂ ਨਾਲ ਭਰੀਆਂ ਅੱਖਾਂ ਵਿੱਚੋਂ ਮੈਨੂੰ ਮਾਂ ਦੇ ਝੌਲੇ ਪਈ ਗਏ। ਜਦੋਂ ਮੈਂ ਘਰੇ ਵੜੀ, ਮੇਰੀ ਵੱਡੀ ਭਾਬੀ ਨੇ ਭੱਜ ਕੇ ਮੈਨੂੰ ਬੁੱਕਲ 'ਚ ਲੈ ਲਿਆ। ਫੇਰ ਦੂਜੀ ਨੇ, ਤੀਜੀ ਨੇ ਤੇ ਬਾਅਦ ਵਿੱਚ ਛੋਟੀ ਨੇ। ਸਾਰੀਆਂ ਨੇ ਚੁੱਪ ਕਰਾਇਆ, ਪਿਆਰ ਕੀਤਾ, ਹੌਸਲਾ ਦਿੱਤਾ ਮਾਂ ਦੀਆਂ ਗੱਲਾਂ ਕਰਦੀਆਂ ਰਹੀਆਂ। ਜਿਸ ਕਮਰੇ ਵਿੱਚ ਮਾਂ ਇਕੱਲੀ ਬੈਠੀ ਰਹਿੰਦੀ ਸੀ, ਅੱਜ ਉਸ ਕਮਰੇ ਵਿੱਚ ਮੇਰੇ ਭਰਾ, ਭਤੀਜੇ ਭਤੀਜੀਆਂ ਅਤੇ ਸਾਰੀਆਂ ਭਾਬੀਆਂ ਮੇਰੇ ਕੋਲ ਬੈਠੀਆਂ ਸਨ। ਅਜਿਹੀ ਰੌਣਕ ਨੂੰ ਮੇਰੀ ਮਾਂ ਤਰਸਦੀ ਮਰ ਗਈ।

ਵਾਪਸੀ ਤੇ ਮੇਰਾ ਮਨ ਸ਼ਾਂਤ ਸੀ। ਬੇਸ਼ੱਕ ਮਾਂ ਦੀ ਬੁੱਕਲ ਨਹੀਂ ਸੀ ਰਹੀ, ਪਰ ਮੈਨੂੰ ਭਾਬੀਆਂ ਦੀਆਂ ਬੁੱਕਲਾਂ 'ਚੋਂ ਮਾਂ ਦੀ ਬੁੱਕਲ ਵਰਗਾ ਨਿੱਘ ਤੇ ਪਿਆਰ ਮਿਲਿਆ ਸੀ। ਮੈਨੂੰ ਗੱਲ ਦਾ ਅਹਿਸਾਸ ਹੋਇਆ ਕਿ ਜਦੋਂ ਤੱਕ ਬਜ਼ੁਰਗਾਂ ਦਾ ਸਾਇਆ ਸਿਰ 'ਤੇ ਹੁੰਦਾ ਹੈ, ਬੱਚੇ ਆਪਣੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਤੋਂ ਅਵੇਸਲੇ ਰਹਿੰਦੇ ਹਨ, ਜਦੋਂ ਉਹ ਸਾਇਆ ਸਿਰ ਤੋਂ ਉਠ ਜਾਂਦਾ ਹੈ ਤਾਂ ਸਾਰਿਆਂ ਨੂੰ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣੀਆਂ ਯਾਦ ਆ ਜਾਂਦੀਆਂ ਹਨ। ਕਾਸ਼! ਇਹ ਸਭ ਉਨ੍ਹਾਂ ਦੇ ਜਿਉਂਦੇ ਜੀਅ ਹੁੰਦਾ ਹੋਵੇ ਤਾਂ ਬਜ਼ੁਰਗਾਂ ਨੂੰ ਆਪਣਾ ਬੁਢੇਪਾ ਬੋਝ ਨਾ ਲੱਗੇ।

# ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਗੁਰਮੁਖ, ਬੇਮੁਖ ਤੇ ਨਿੰਦਕ ਦਾ ਪਰਿਪੇਖ

ਡਾ. ਸੁਖਦੇਵ ਸਿੰਘ ਝੰਡ
ਫ਼ੋਨ: 84377-27375

ਭਾਈ ਗੁਰਦਾਸ ਜੀ ਉੱਘੇ ਸਿੱਖ ਵਿਦ-ਵਾਨ ਤੇ ਚਿੰਤਕ ਹੋਏ ਹਨ। ਉਨ੍ਹਾਂ ਵੱਲੋਂ ਆਪਣੀਆਂ ਵਾਰਾਂ ਵਿਚ ਸਿੱਖੀ ਜੀਵਨ ਜਾਚ ਦੇ ਵੱਖ-ਵੱਖ ਪਹਿਲੂਆਂ ਨੂੰ ਬੜੇ ਵਿਸਥਾਰ ਨਾਲ ਬਿਆਨਿਆ ਗਿਆ ਹੈ। ਇਨ੍ਹਾਂ ਵਾਰਾਂ ਵਿਚ ਉਹ ਸਿੱਖੀ ਦੀ ਪਹਿਚਾਣ ਅਤੇ ਇਸ ਦੇ ਵੱਖ-ਵੱਖ ਗੁਣਾਂ ਬਾਰੇ ਕਈ ਕਿਸਮ ਦੀਆਂ ਦੁਨਿਆਵੀ ਉਦਾਹਰਣਾਂ (ਦ੍ਰਿਸ਼ਟਾਂਤ) ਦੇ ਕੇ ਸਾਨੂੰ ਸਿੱਖੀ ਜੀਵਨ ਦੇ ਬਿਖੜੇ ਮਾਰਗ 'ਤੇ ਸਹੀ ਚੱਲਣ ਦੇ ਢੰਗ ਤਰੀਕੇ ਦੱਸਦੇ ਹਨ। ਉਨ੍ਹਾਂ ਦੀਆਂ ਵਾਰਾਂ ਨੂੰ ਉੱਤਮ ਦਰਜੇ ਦਾ ਕਾਵਿ ਮੰਨਦਿਆਂ ਹੋਇਆਂ ਪੰਜਵੇ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ 'ਗੁਰਬਾਣੀ ਦੀ ਕੁੰਜੀ' ਦਾ ਦਰਜਾ ਦਿੱਤਾ ਹੈ, ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ ਅਤੀ ਸਹਾਈ ਹੁੰਦੀਆਂ ਹਨ।


ਆਪਣੀਆਂ ਵਾਰਾਂ ਵਿਚ ਭਾਈ ਗੁਰਦਾਸ ਜੀ ਸੱਚੇ ਗੁਰੂ ਦੀ ਪ੍ਰੀਭਾਸ਼ਾ ਬਿਆਨ ਕਰਦਿਆਂ ਕਹਿੰਦੇ ਹਨ ਕਿ ਉਹ ਸੱਚ ਦਾ ਮਾਰਗ ਦੱਸਦਾ ਹੈ ਅਤੇ ਮਨੁੱਖ ਨੂੰ ਉਸ ਤੋਂ ਸਿੱਖਿਆ ਲੈ ਕੇ ਆਪਣਾ ਜੀਵਨ ਸਫ਼ਲ ਬਨਾਉਣ ਦੀ ਗੱਲ ਕਰਦੇ ਹਨ। ਇਸ ਦੇ ਨਾਲ ਹੀ ਉਹ ਗੁਰਮੁਖ, ਮਨਮੁੱਖ, ਗੁਰੂ ਤੋਂ ਮੂੰਹ ਮੋੜਨ ਵਾਲੇ ਮਨੁੱਖਾਂ ਭਾਵ ਬੇਮੁੱਖਾਂ ਅਤੇ ਗੁਰੂ ਦੀ ਨਿੰਦਾ ਕਰਨ ਵਾਲੇ ਨਿੰਦਕਾਂ ਬਾਰੇ ਵੀ ਵਿਸਥਾਰ ਪੂਰਵਕ ਚਾਨਣਾ ਪਾਉਂਦੇ ਹਨ। ਇਸ ਸੰਖੇਪ ਆਰਟੀਕਲ ਲੇਖ ਵਿਚ ਅਸੀਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਗੁਰਮੁਖ, ਬੇਮੁਖ ਤੇ ਨਿੰਦਕ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ। ਭਾਈ ਗੁਰਦਾਸ ਜੀ ਅਨੁਸਾਰ ਜਿੱਥੇ ਗੁਰਮੁਖ ਜੀਵਨ ਵਿਚ ਹਾਂ-ਪੱਖੀ ਹੁੰਗਾਰੇ ਦਾ ਪ੍ਰਤੀਕ ਹੈ, ਉੱਥੇ ਬੇਮੁੱਖ ਤੇ ਨਿੰਦਕ ਨਾਂਹ-ਪੱਖੀ ਵਰਤਾਰੇ ਦੇ ਸੂਚਕ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਆਏ ਇਨ੍ਹਾਂ ਦੋਹਾਂ ਪੱਖਾਂ ਨੂੰ ਹੀ ਇਸ ਲੇਖ ਵਿਚ ਵਿਚਾਰਨ ਦਾ ਯਤਨ ਕੀਤਾ ਜਾਏਗਾ।

ਗੁਰਮੁਖ ਦੀ ਗੱਲ ਕਰਦਿਆਂ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਮੁਖ ਉਸ ਸਮਰੱਥ ਸਰਬ ਸ਼ਕਤੀਮਾਨ ਪ੍ਰਮਾਤਮਾ ਨੂੰ ਹਰ ਵੇਲੇ ਧਿਆਉਂਦਾ ਹੈ ਅਤੇ ਉਹ ਕਦੇ ਵੀ ਦੁਚਿਤੀ ਵਿਚ ਨਹੀਂ ਪੈਂਦਾ। ਉਹ ਉਸ ਦੀ ਭਗਤੀ ਵਿਚ ਆਪਣੇ ਆਪ ਨੂੰ ਭੁਲਾ (ਗਵਾ) ਦਿੰਦਾ ਹੈ ਅਤੇ ਇਸ ਤਰ੍ਹਾਂ ਉਸ ਦੇ ਅੰਦਰਲਾ ਕ੍ਰੋਧ ਨਾਸ ਹੋ ਜਾਂਦਾ ਹੈ। ਉਹ ਆਪਣੇ ਗੁਰੂ ਅਤੇ ਗੁਰੂ ਦੇ ਸਿੱਖਾਂ ਦੀ ਨਿਸ਼ਕਾਮ ਸੇਵਾ ਕਰਦਾ ਹੈ। ਗੁਰੂ ਉਸ ਦੇ ਮਾਤਾ-ਪਿਤਾ ਬਣ ਜਾਂਦੇ ਹਨ ਅਤੇ ਗੁਰਸਿੱਖ ਉਸ ਦੇ ਭੈਣ-ਭਰਾ ਤੇ ਮੀਤ ਹੋ ਜਾਂਦੇ ਹਨ। ਉਸ ਦਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਉਸ ਦੀ ਦੁਬਿਧਾ ਦੂਰ ਹੋ ਜਾਂਦੀ ਹੈ ਤੇ ਉਹ ਗੁਰੂ ਦੇ ਸ਼ਬਦ ਵਿਚ ਆਪਣੀ ਸੁਰਤ ਨੂੰ ਟਿਕਾਉਂਦਾ ਹੈ। ਇੰਜ, ਉਸ ਦੇ ਜੀਵਨ ਦੀ ਕਾਇਆਕਲਪ ਹੋ ਜਾਂਦੀ ਹੈ ਅਤੇ ਉਹ ਜੀਵਨ ਵਿਚ ਝੂਠ ਬੋਲਣ ਤੇ ਹੋਰ ਮਨੁੱਖੀ ਮਾੜੀਆਂ ਆਦਤਾਂ ਤੋਂ ਦੂਰ ਹੋ ਜਾਂਦਾ ਹੈ।

ਉਹ ਫ਼ਰਮਾਉਂਦੇ ਹਨ:

ਗੁਰਮੁਖਿ ਇਕੁ ਅਰਾਧਣਾ ਇਕੁ ਮਨ ਹੋਇ ਨਾ ਹੋਇ ਦੁਚਿਤਾ।
ਗੁਰਮੁਖਿ ਆਪੁ ਗਵਾਇਆ ਜੀਵਨ ਮੁਕਤਿ ਨ ਤਾਮਸ ਪਿਤਾ।
ਗੁਰ ਉਪਦੇਸ ਅਵੇਸ ਕਰਿ ਸਣੁ ਦੂਤਾ ਵਿਖੜਾ ਗੜੁ ਜਿਤਾ।
ਪੈਰੀ ਪੈ ਪਾਖਾਕੁ ਹੋਇ ਪਾਹੁਨੜਾ ਜਗਿ ਹੋਇ ਅਥਿਤਾ।
ਗੁਰਮੁਖਿ ਸੇਵਾ ਗੁਰ ਸਿਖਾ ਗੁਰਸਿਖ ਮਾ ਪਿਉ ਭਾਈ ਮਿਤਾ।
ਦੁਰਮਤਿ ਦੇਬਧਾ ਦੂਰ ਕਰਿ ਗੁਰਮਤਿ ਸਬਦ ਸੁਰਤਿ ਮਨੁ ਸਿਤਾ।
ਛਡਿ ਕੁਫਕੜੁ ਕੂੜ ਕੁਧਿਤਾ।। (ਵਾਰ -2)

ਗੁਰਮੁਖ ਦੇ ਗੁਣਾਂ ਬਾਰੇ ਹੋਰ ਦੱਸਦਿਆਂ ਭਾਈ ਸਾਹਿਬ ਕਹਿੰਦੇ ਹਨ ਕਿ ਉਹ ਹਉਮੈ ਤੋਂ ਦੂਰ ਰਹਿੰਦਾ ਹੈ। ਉਹ ਉਸ ਮਾਲਕ ਪ੍ਰਮਾਤਮਾ ਦਾ ਭਾਣਾ ਮੰਨਦਾ ਹੈ ਅਤੇ ਨਿਮਾਣਾ ਹੋ ਕੇ ਉਸ ਦੀ ਦਰਗਾਹ ਵਿਚ ਮਾਣ ਸਤਿਕਾਰ ਪਾਉਂਦਾ ਹੈ। ਵਰਤਮਾਨ ਭਾਵ ਅਜੋਕੇ ਸਮੇਂ ਵਿਚ ਜੋ ਵੀ ਵਰਤ ਰਿਹਾ ਹੈ, ਉਹ ਉਸ ਨੂੰ ਪ੍ਰਵਾਨ ਕਰਦਾ ਹੈ। ਉਹ ਮਾਲਕ ਪ੍ਰਮਾਤਮਾ ਇਸ ਦੁਨੀਆਂ ਵਿਚ ਜੋ ਵੀ ਖੇਲ ਵਰਤਾਅ ਰਿਹਾ ਹੈ, ਉਸ ਨੂੰ ਮੰਨਦਿਆਂ ਹੋਇਆਂ ਅਤੇ ਉਸ ਦੀ ਰਜ਼ਾ ਵਿਚ ਰਹਿੰਦਿਆਂ ਹੋਇਆਂ ਆਪਣਾ ਜੀਵਨ ਬਤੀਤ ਕਰਦਾ ਹੈ। ਉਹ ਆਪਣੇ



ਆਪ ਨੂੰ ਇਸ ਸੰਸਾਰ ਵਿਚ ਆਇਆ ਹੋਇਆ ਇਕ 'ਮਹਿਮਾਨ' ਸਮਝਦਾ ਹੈ ਅਤੇ ਇਸ ਦੁਨੀਆਂ ਨੂੰ 'ਚੱਲਦੀ ਸਰਾਂ' ਗਰਦਾਨਦਾ ਹੈ। ਉਹ ਪ੍ਰਮਾਤਮਾ ਦੇ ਭਾਣੇ ਵਿਚ ਰਹਿੰਦਾ ਹੈ ਅਤੇ ਉਸ ਵੱਲੋਂ ਮਿਲੀਆਂ ਦਾਤਾਂ ਲਈ ਉਸ ਦਾ ਭਰਪੂਰ ਸ਼ੁਕਰਾਨਾ ਕਰਦਾ ਹੈ। ਉਹ ਉਸ ਕਾਦਰ ਦੀ ਕੁਦਰਤ ਦਾ ਅਨੰਦ ਮਾਣਦਾ ਹੈ ਅਤੇ ਉਸ ਤੋਂ ਕੁਰਬਾਨ ਜਾਂਦਾ ਹੈ। ਭਾਈ ਸਾਹਿਬ ਜੀ ਦੇ ਆਪਣੇ ਸ਼ਬਦਾਂ ਵਿਚ:

ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ।
ਪੈਰੀ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।
ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ।
ਰਾਜੀ ਹੋਇ ਰਜਾਇ ਵਿਚਿ ਦੁਨੀਆ ਅੰਦਰਿ ਜਿਉ ਮਿਹਮਾਣਾ।
ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੌ ਕੁਰਬਾਣਾ।
ਲੇਪ ਅਲੇਪ ਸਦਾ ਨਿਰਬਾਣਾ।। (ਵਾਰ -18)

ਗੁਰਮੁਖ ਭੈ ਵਿਚ ਜੰਮਦਾ ਹੈ ਅਤੇ ਭੈ ਵਿਚ ਰਹਿੰਦਾ ਹੈ। ਉਹ ਸਾਧ ਸੰਗਤ ਵਿਚ ਪੂਰੇ ਭੈ ਨਾਲ ਵਿਚਰਦਾ ਹੈ ਭਗਤੀ ਨੂੰ ਆਪਣਾ ਪਿਆਰ ਬਣਾ ਕੇ ਜੀਵਨ ਵਿਚ ਆਪਣੀ ਚਾਲੇ ਚੱਲਦਿਆਂ ਹੋਇਆਂ ਮਾਇਆਂ ਕੋਲੋਂ ਛਲਿਆ ਨਹੀਂ ਜਾਂਦਾ। ਉਹ ਚਿੱਕੜ (ਗੰਦੇ ਪਾਣੀ) ਵਿਚ ਉੱਗੇ ਹੋਏ ਕੰਵਲ ਦੇ ਫੁੱਲ ਵਾਂਗ ਨਿਰਲੇਪ ਰਹਿੰਦਾ ਹੈ। ਭਾਈ ਸਾਹਿਬ ਗੁਰਮੁਖ ਦੇ ਲਈ ਲੋਹਾਰ ਦੀ ਅਹਿਰਣ ਉੱਪਰ ਚੱਲਣ ਵਾਲੇ ਹਥੌੜੇ, ਬਲਦੀ ਮੋਮਬੱਤੀ ਦੀ ਮੋਮ ਦੇ ਵਾਂਗ ਢਲਣ ਅਤੇ ਦੀਵੇ ਦੀ 'ਵੱਟੀ' (ਬੱਤੀ) ਦੇ ਜਲਣ ਦੀਆਂ ਉਦਾਹਰਣਾਂ ਦਿੰਦੇ ਹੋਏ ਉਸ ਦੀ ਜੀਵਨ-ਜਾਚ ਦੀ ਇਨ੍ਹਾਂ ਦੇ ਗੁਣਾਂ ਨਾਲ ਤੁਲਨਾ ਕਰਦੇ ਹਨ;

ਉਹ ਫਰਮਾਂਉਂਦੇ ਹਨ:

ਗੁਰਮੁਖਿ ਭੈ ਵਿਚਿ ਜੰਮਣਾ ਭੈ ਵਿਚ ਰਹਿਣਾ ਭੈ ਵਿਚਿ ਚਲਣਾ।
ਸਾਧ ਸੰਗਤਿ ਭੈ ਭਾਇ ਵਿਚਿ ਭਗਤ ਵਛਲੁ ਕਰਿ ਅਛਲੁ ਛਲਣਾ।
ਜਲ ਵਿਚਿ ਕਵਲੁ ਅਲਿਪਤਿ ਹੋਇ ਆਸ ਨਿਰਾਸ ਵਲੇਵੈ ਵਲਣਾ।
ਅਹਿਰਣਿ ਘਣ ਹੀਰੇ ਜੁਗਤਿ ਗੁਰਮਤਿ ਨਿਹਚਲੁ ਅਟਲੁ ਨਾ ਟਲਣਾ।
ਪਰਉਪਕਾਰ ਵੀਚਾਰਿ ਵਿਚਿ ਜੀਅ ਦੈਆ ਮੋਮ ਵਾਗੀ ਢਲਣਾ।
ਚਾਰਿ ਵਰਨ ਤੰਬੋਲ ਰਸੁ ਆਪੁ ਗਵਾਇ ਰਲਾਇਆ ਰਲਣਾ।
ਵਟੀ ਤੇਲ ਦੀਵਾ ਹੋਇ ਬਲਣਾ।। (ਵਾਰ-18)

ਭਾਈ ਗੁਰਦਾਸ ਅਨੁਸਾਰ ਬੇਮੁਖ ਉਹ ਹਨ ਜਿਹੜੇ ਗੁਰੂ ਤੋਂ ਇਲਾਵਾ ਹੋਰ ਕਿਸੇ ਪਾਸੇ ਦੀ ਝਾਕ ਵੀ ਰੱਖਦੇ ਹਨ। ਉਨ੍ਹਾਂ ਦੀ ਉਸ ਇਕ ਪ੍ਰਮਾਤਮਾ ਉੱਪਰ ਟੇਕ ਨਹੀਂ ਹੁੰਦੀ ਅਤੇ ਉਹ ਦੁਚਿਤੀ ਵਿਚ ਰਹਿੰਦੇ ਹਨ। ਵੈਸੇ, ਇਹ ਗੱਲ ਤਾਂ ਸਾਫ਼ ਜ਼ਾਹਿਰ ਹੈ ਕਿ ਜਿਹੜਾ ਮਨੁੱਖ ਬਹੁਤੀ ਥਾਈਂ ਆਸ ਰੱਖਦਾ ਹੈ, ਉਹ ਦੁਖੀ ਹੁੰਦਾ ਹੈ। ਏਸੇ ਤਰ੍ਹਾਂ ਗੁਰੂ ਤੋਂ ਬੇਮੁੱਖ ਹੋਏ ਮਨੁੱਖ ਵੀ ਦੁਖੀ ਹੀ ਹੁੰਦੇ ਹਨ ਅਤੇ ਦੁੱਖਾਂ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਕੁਝ ਨਹੀਂ ਮਿਲਦਾ।

ਬੇਮੁਖ ਸਬੰਧੀ ਭਾਈ ਸਾਹਿਬ ਜੀ ਦਾ ਫ਼ੁਰਮਾਨ ਹੈ:

ਬਹੁਤੀ ਘਰੀ ਪਰਾਹੁਣਾ ਜਿਉ ਰਹਿੰਦਾ ਭੁਖਾ।
ਸਾਂਝਾ ਬਬੁ ਨ ਰੋਈਐ ਚਿਤਿ ਚਿੰਤਿਨਾ ਚੁੱਖਾ।
ਬਹੁਤੀ ਡੂੰਮੀ ਢਢ ਜਿਉ ਓਹ ਕਿਸੈ ਨ ਧੁਖਾ।
ਵਣਿ ਵਣਿ ਕਾਉ ਨਾ ਸੋਹਈ ਕਿਉ ਮਾਣੈ ਸੁਖਾ।
ਜਿਉ ਬਹੁ ਮਿਤੀ ਵੇਸੁਆ ਤਨਿ ਦੇਵਨਿ ਦੁਖਾ।
ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ।। (ਵਾਰ-34)

ਬੇਮੁਖ ਇਸ ਸੰਸਾਰ ਵਿਚ ਚਾਨਣ ਹੋਣ ਦੇ ਬਾਵਜੂਦ ਵੀ ਹਨੇਰੇ ਵਿਚ ਰਹਿੰਦੇ ਹਨ। ਜੇਕਰ ਕਿਸੇ ਬੋਲੇ ਵਿਅੱਕਤੀ ਨੂੰ ਰਾਗ ਸੁਣਾਈ ਨਹੀਂ ਦਿੰਦਾ ਤਾਂ ਇਸ ਦੇ ਨਾਲ ਰਾਗ ਦੀ ਮਹੱਤਤਾ ਘੱਟ ਨਹੀਂ ਜਾਂਦੀ। ਗੁੰਗੇ ਦੀ ਜੀਭ ਜੇਕਰ ਬੋਲਣ ਵਿਚ ਉਸ ਦਾ ਸਾਥ ਨਹੀਂ ਦਿੰਦੀ ਤਾਂ ਇਸ ਦਾ ਇਹ ਭਾਵ ਨਹੀਂ ਕਿ ਉਸ ਦੇ ਵੱਲੋਂ ਬੋਲੇ ਜਾਣ ਵਾਲੇ ਸ਼ਬਦਾਂ ਵਿਚ ਕੋਈ ਘਾਟ ਹੈ। ਏਸੇ ਤਰ੍ਹਾਂ ਜੇ ਬੇਮੁਖ ਗੁਰੂ ਦੀ ਵਡਿਆਈ ਅਤੇ ਸਿੱਖੀ ਦੀ ਉੱਤਮਤਾ ਨੂੰ ਨਹੀਂ ਵੇਖਦੇ ਤਾਂ ਇਹ ਘੱਟਦੀ ਨਹੀਂ, ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ, ਸਗੋਂ ਇਹ ਤਾਂ ਓਹੀਓ ਰਹਿੰਦੀ ਹੈ। ਸੁੱਚੇ ਮੋਤੀਆਂ ਦੀ ਭਾਲ ਵਿਚ ਸਮੁੰਦਰ ਵਿਚ ਚੁੱਭੀ ਮਾਰ ਕੇ ਜੇਕਰ ਕੋਈ ਮਨੁੱਖ ਕੌਡੀਆਂ ਕੱਢ ਲਿਆਵੇ ਤਾਂ ਉਸ ਦੀ ਹਾਲਤ ਉੱਪਰ ਤਰਸ ਹੀ ਆਉਂਦਾ ਹੈ।

ਭਾਈ ਗੁਰਦਾਸ ਜੀ ਇਸ ਸਬੰਧੀ ਕਹਿੰਦੇ ਹਨ:

ਅੰਨੈ ਚੰਦ ਨ ਦਿਸਈ ਜਗਿ ਜੋਤਿ ਸਬਾਈ।
ਬੋਲਾ ਰਾਗ ਨ ਸਮਝਈ ਕਿਹ ਘਟਿ ਨ ਜਾਈ।
ਵਾਸ ਨ ਆਵੈ ਗਣਗਣੈ ਪਰਮਲੁ ਮਹਿਕਾਈ।
ਗੁੰਗੈ ਜੀਭ ਨ ਉਘੜੈ ਸਭਿ ਸਬਦਿ ਸੁਹਾਈ।
ਸਤਿਗੁਰ ਸਾਗਰ ਸੇਵਿਕੈ ਨਿਧਿ ਸਭਨਾ ਪਾਈ।
ਬੇਮੁਖ ਹਥਿ ਘੁਟਿਆ ਤਿਸ ਦੋਸੁ ਕਮਾਈ।। (ਵਾਰ-34)

ਇਸ ਦੁਨੀਆਂ ਦਾ ਤਾਂ ਇਹ ਨੇਮ ਹੈ ਕਿ ਜੇਕਰ ਮਨੁੱਖ ਦੀ ਕਿਸੇ ਚੀਜ਼ ਤੱਕ ਪਹੁੰਚ ਨਹੀਂ ਹੈ ਤਾਂ ਉਹ ਉਸ ਨੂੰ ਬੁਰਾ ਭਲਾ ਕਹਿਣ ਲੱਗ ਪੈਂਦਾ ਹੈ। ਉਹ ਉਸ ਵਿਚ ਦੋਸ਼ ਲੱਭਣ ਲੱਗ ਜਾਂਦਾ ਹੈ। ਬੇਮੁਖ ਅਤੇ ਮਨਮੁੱਖ ਜ਼ਿੰਦਗੀ ਦੇ ਉੱਤਮ ਅਸੂਲਾਂ ਨੂੰ ਧਾਰਨ ਨਹੀਂ ਕਰ ਸਕਦੇ। ਆਪਣਾ ਦੋਸ਼ ਮੰਨਣ ਦੀ ਬਜਾਏ ਉਹ ਉਨ੍ਹਾਂ ਅਸੂਲਾਂ ਵਿਚ ਹੀ ਨੁਕਸ ਕੱਢਣੇ ਸ਼ੁਰੂ ਕਰ ਦਿੰਦੇ ਹਨ। ਭਾਈ ਗੁਰਦਾਸ ਜੀ ਹੇਠ ਵਰਨਣ ਉਦਾਹਰਣਾਂ ਨਾਲ ਇਨ੍ਹਾਂ ਮਨੁੱਖਾਂ ਦੀ ਤੁਲਨਾ ਕਰਦੇ ਹਨ:

ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ।
ਨਚਣੁ ਨਚਿ ਨਾ ਜਾਣਈ ਆਖੈ ਭੁਇ ਸਉੜੀ।
ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ।
ਹੰਸਾ ਨਾਲਿ ਟਟੀਹਰੀ ਕਿਉ ਪਹੁੰਚੈ ਦਉੜੀ।
ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ।
ਬੇਮੁਖ ਸੁਖ ਨ ਦੇਖਈ ਜਿਉ ਛੁਟੜਿ ਛਉੜੀ।। (ਵਾਰ-34)

ਗੁਰੂ ਅਤੇ ਸੰਤਾਂ ਦੀ ਨਿੰਦਾ ਕਰਨ ਵਾਲਿਆਂ ਬਾਰੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਸੁਖਮਨੀ ਸਾਹਿਬ ਜੀ ਦੀ ਅੱਠਵੀ ਅਸ਼ਟਪਦੀ ਵਿਚ ਬੜੇ ਵਿਸਥਾਰ ਪੂਰਵਕ ਬਿਆਨ ਕਰਦੇ ਹਨ। ਉਹ ਕਹਿੰਦੇ ਹਨ:

ਸੰਤ ਕਾ ਨਿੰਦਕ ਮਹਾ ਹਤਿਆਰਾ।
ਸੰਤ ਕਾ ਨਿੰਦਕ ਪ੍ਰਮੇਸਰ ਮਾਰਾ।।
ਸੰਤ ਕਾ ਨਿੰਦਕ ਮਹਾ ਹਤਤਾਈ।
ਸੰਤ ਕਾ ਨਿੰਦਕ ਖਿਨੁ ਟਿਕਨੁ ਨਾ ਪਾਈ।।

ਇਹ ਅਸਟਪਦੀ ਕਾਫ਼ੀ ਲੰਮੀ ਚੱਲਦੀ ਹੈ ਅਤੇ ਇਸ ਵਿਚ ਸੰਤ ਦੇ ਨਿੰਦਕ ਬਾਰੇ ਬਹੁਤ ਕੁਝ ਕਿਹਾ ਗਿਆ ਹੈ ਜਿਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਹੈ। ਭਾਈ ਗੁਰਦਾਸ ਜੀ ਇਸ ਦੇ ਬਾਰੇ ਕਹਿੰਦੇ ਹਨ ਕਿ ਘਾਟ ਤਾਂ ਕੋਈ ਨਾ ਕੋਈ ਉਨ੍ਹਾਂ ਮਨੁੱਖ ਦੇ ਆਪਣੇ ਵਿਚ ਹੁੰਦੀ ਹੈ ਅਤੇ ਦੋਸ਼ ਉਹ ਦੂਸਰਿਆਂ ਵਿਚ ਕੱਢਦੇ ਹਨ ਤੇ ਉਨ੍ਹਾਂ ਦੀ ਨਿੰਦਾ ਕਰਦੇ ਹਨ। ਉਹ ਫ਼ਰਮਾਉਂਦੇ ਹਨ ਕਿ ਪੱਤਿਆਂ ਤੋਂ ਰਹਿਤ ਕਦੇ ਵੀ ਨਹੀਂ ਮਉਲਦਾ ਅਤੇ ਦੋਸ਼ ਉਹ ਖ਼ੂਬਸੂਰਤ ਬਹਾਰ ਰੁੱਤ ਨੂੰ ਦਿੰਦਾ ਹੈ। ਏਸੇ ਤਰ੍ਹਾਂ, ਸੰਢ ਜੋ ਅੱਗੋਂ ਬੱਚਿਆਂ ਨੂੰ ਜਨਮ ਨਹੀਂ ਦੇ ਸਕਦੀ, ਉਹ ਦੋਸ਼ ਸੰਢੇ (ਮਾਲੀ) ਵਿਚ ਕੱਢਦੀ ਹੈ। ਕੱਲਰੀ ਭੋਇੰ ਵਿਚ ਕੋਈ ਵੀ ਬਨਸਪਤੀ ਪੈਦਾ ਨਹੀਂ ਹੁੰਦੀ ਭਾਵੇਂ ਕਿੰਨੀ ਵੀ ਬਾਰਸ਼ ਹੋਵੇ ਅਤੇ ਸਮੁੰਦਰ ਵਿਚ ਤਾਂ ਬੇਅੰਤ ਰਤਨ, ਜਵਾਹਰ ਤੇ ਸੁੱਚੇ ਮੋਤੀ ਮੌਜੂਦ ਹਨ ਪਰ ਜਦੋਂ ਉਹ ਕਿਸੇ ਵਿਅੱਕਤੀ ਦੇ ਹੱਥ ਨਹੀਂ ਆਉਂਦੇ ਤਾਂ ਉਹ ਸਮੁੰਦਰ ਨੂੰ ਹੀ ਦੋਸ਼ ਦੇਣ ਲੱਗ ਪੈਂਦਾ ਹੈ।

ਅਪਤੁ ਕਰੀਰ ਨ ਮਉਲੀਐ ਦੇ ਦੋਸੁ ਬਸੰਤੈ।
ਸੰਢਿ ਸਮੁਤੀ ਨਾ ਥਿਐ ਕਣਤਾਵੈ ਕੰਤੈ।
ਕਲਰਿ ਖੇਤੁ ਨਾ ਜੰਮਈ ਘਣਹਰੁ ਵਰਸੰਤੈ।
ਪੰਗਾ ਪਿਛੈ ਚੰਗਿਆ ਅਵਗੁਣ ਗੁਣਵੰਤੈ।
ਸਾਇਰੁ ਵਿਚਿ ਘੰਘੂਟਿਆ ਬਹੁ ਰਤਨ ਅਨੰਤੈ।
ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ।। (ਵਾਰ-35)

ਭਾਈ ਸਾਹਿਬ ਕਹਿੰਦੇ ਹਨ ਕਿ ਨਿੰਦਕ ਦੂਸਰਿਆਂ ਦੇ ਗੁਣ ਵੇਖ ਕੇ ਸਾੜੇ ਦੀ ਅੱਗ ਵਿਚ ਸੜਦਾ ਹੈ ਅਤੇ ਦੁਖੀ ਹੁੰਦਾ ਰਹਿੰਦਾ ਹੈ:

ਸਭਨਾ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ।
ਕੰਨਿ ਤਨਉੜੇ ਕਾਮਣੀ ਬੂੜੀ ਬਰਿੜਾਵੈ।
ਨਥਾਂ ਨਕਿ ਨਵੇਲੀਆਂ ਨਟਕੀ ਨ ਸੁਖਾਵੈ।
ਖਜਲ ਅਖੀ ਹਰਨਾਖੀਆਂ ਕਾਣੀ ਕੁਰਲਾਵੈ।
ਘਣਤ ਗਣੈ ਗੁਰਦੇਵ ਦੀ ਤਿਸੁ ਦੁਖਿ ਵਿਹਾਵੈ।। (ਵਾਰ-6)

ਭਾਈ ਸਾਹਿਬ ਕਹਿੰਦੇ ਹਨ ਕਿ ਗੁਰੂ ਦੀ ਨਿੰਦਾ ਦਾ ਬੱਜਰ ਪਾਪ ਕਿਸੇ ਤੀਰਥ ਅਸਥਾਨ 'ਤੇ ਜਾਣ ਨਾਲ ਦੂਰ ਨਹੀਂ ਹੁੰਦਾ, ਸਗੋਂ ਇਹ ਤਾਂ ਕੇਵਲ ਤੇ ਕੇਵਲ ਗੁਰੂ ਨੂੰ ਪ੍ਰੇਮ ਕਰਨ ਨਾਲ ਹੀ ਘੱਟ ਸਕਦਾ ਹੈ:

ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।
ਮਥੁਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ।
ਘਇਆ ਪਿਰਾਗ ਸਰੁਸਤੀ ਗੋਮਤੀ ਦੁਆਰੇ।
ਝਪੁ ਤਪੁ ਸੰਜਮ ਹੋਮ ਜਗਿ ਸਭ ਦੇਵ ਜੁਹਾਰੇ।
ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।
ਮੂਲਿ ਨ ਉਰੈ ਹਤਿਆ ਬੇਮੁਖੁ ਗੁਰਦੁਆਰੇ।। (ਵਾਰ-34)

ਇਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਜਿੱਥੇ ਗੁਰਮੁਖ ਦੇ ਉੱਚੇ ਕਿਰਦਾਰ ਦੀ ਭਾਰੀ ਸਰਾਹਣਾ ਕੀਤੀ ਹੈ, ਉੱਥੇ ਉਨ੍ਹਾਂ ਨੇ ਗੁਰੂ ਤੋਂ ਪਾਸਾ ਵੱਟ ਚੁੱਕੇ ਬੇਮੁੱਖ ਅਤੇ ਗੁਰੂ ਅਤੇ ਸੰਤਾਂ, ਮਹਾਤਮਾ ਦੀ ਨਿੰਦਾ ਕਰਨ ਵਾਲਿਆਂ ਬਾਰੇ ਕਈ ਦੁਨਿਆਵੀ ਉਦਾਹਰਨਾਂ ਦੇ ਕੇ ਉਨ੍ਹਾਂ ਨੂੰ ਛੁਟਿਆਇਆ ਹੈ। ਉਹ ਇਨ੍ਹਾਂ ਵਾਰਾਂ ਵਿਚ ਸਾਨੂੰ ਆਪਣਾ ਜੀਵਨ ਗੁਰਮੁਖ ਦੇ ਵਾਂਗ ਜੀਵਨ ਜਿਊਣ ਦੀ ਪ੍ਰੇਰਨਾ ਕਰਦੇ ਹਨ ਅਤੇ ਉਨ੍ਹਾਂ ਦੀਆਂ ਇਹ ਵਾਰਾਂ ਸਾਡੇ ਲਈ ਚਾਨਣ-ਮੁਨਾਰੇ ਦਾ ਕੰਮ ਕਰਦੀਆਂ ਹਨ।

# ਜਾਗ ਵੇ ਸੁੱਤਿਆ ਵੀਰਨਾ !

ਡਾ. ਗੁਰਬਖ਼ਸ਼ ਸਿੰਘ ਭੰਡਾਲ

ਜਾਗ ਵੇ ਸੁੱਤਿਆ ਵੀਰਨਾ! ਤੇਰਾ ਗਰਾਂ ਲੁਟੀਂਦਾ ਆ। ਸਾੜਸੱਤੀ ਵਾਪਰ ਰਹੀ ਏ। ਹਰ ਘਰ ਤੇ ਵਿਹੜੇ ਵਿਚ ਸੰਤਾਪ ਅਤੇ ਦੁੱਖਾਂ ਦੀਆਂ ਬਾਤਾਂ ਪਾਈਆਂ ਜਾ ਰਹੀਆਂ ਨੇ। ਹਰ ਚੌਂਕੇ ਵਿਚ ਬੇਰੌਣਕੀ, ਬੁੱਝ ਰਹੀ ਚੁੱਲ੍ਹਿਆਂ ਦੀ ਅੱਗ ਅਤੇ ਬੁੱਝਦੀ ਅੱਗ ਚੁੱਗਲੀਆਂ ਕਰਦੀ, ਆਪਣੀ ਹੀ ਮਕਾਣੇ ਆਈ ਜਾਪਦੀ। ਤੌਣ ਵਿਚ ਆਟਾ ਨਹੀਂ ਰਿਹਾ। ਨਾ ਹੀ ਕਦੇ ਪਰਾਤ ਵਿਚ ਆਟਾ ਭੁੜਕਦਾ ਏ। ਓਟੇ ਦੀਆਂ ਚਿੜੀਆਂ ਬਹੁਤ ਉਦਾਸ ਨੇ ਕਿਉਂਕਿ ਕੋਈ ਨਹੀਂ ਉਹਨਾਂ ਨੂੰ ਚੋਗ ਪਾਉਂਦਾ।

ਜਾਗ ਵੇ ਵੀਰਨਾ! ਦਲਾਨ ਵਿਚ ਪਸਰ ਗਈ ਏ ਸੁੰਨ। ਪੁੱਤਰਾਂ ਦੇ ਚਾਅ ਮਨਾਉਣ ਵਾਲੀਆਂ ਮਾਵਾਂ ਫ਼ਿਕਰ ਵਿਚ ਮਰ ਮੁੱਕ ਚੱਲੀਆਂ ਨੇ ਕਿਉਂਕ ਉਹਨਾਂ ਨੂੰ ਡਰ ਹੈ ਕਿ ਪਤਾ ਨਹੀਂ ਬਾਹਰ ਗਿਆ ਪੁੱਤ ਘਰ ਪਰਤੇਗਾ ਵੀ ਕਿ ਨਹੀਂ? ਕਿਧਰੇ ਨਸ਼ਿਆਂ ਦਾ ਕਹਿਰ ਉਹਨਾਂ ਦੇ ਪੁੱਤਰ ਨੂੰ ਨਿਗਲ ਹੀ ਨਾ ਜਾਵੇ? ਫਿਰ ਉਹ ਮਰ ਗਏ ਪੁੱਤਰਾਂ ਦੇ ਸਿਵੇ ਸੇਕਦੀਆਂ ਅਜੇਹੀਆਂ ਬਦਕਿਸਮਤ ਕਬਰਾਂ ਬਣ ਜਾਣਗੀਆਂ ਜਿਹਨਾਂ 'ਤੇ ਕੋਈ ਦੀਵਾ ਜਗਾਉਣ ਵਾਲਾ ਨਹੀਂ ਰਹਿਣਾ।

ਜਾਗ ਵੇ ਲੰਮੀਂ ਨੀਂਦਰੇ ਸੁੱਤਿਆ! ਕੁੱਖਾਂ ਹੁਣ ਔਲਾਦ ਨਹੀਂ ਜੰਮਦੀਆਂ। ਮਾਵਾਂ ਦੀਆਂ ਕੁੱਖਾਂ ਤਾਂ ਬੰਜਰ ਹੋ ਗਈਆਂ ਨੇ। ਉਹਨਾਂ ਵਿਚ ਜਨਮਦੀਆਂ ਨੇ ਹਿਚਕੀਆਂ, ਹੌਕੇ, ਦਰਦ ਦੇ ਗੋਲੇਅਤੇ ਸਦਮੇ ਜਿਹਨਾਂ ਵਿਚੋਂ ਉਭਰਨਾ ਹੁਣ ਮਾਵਾਂ ਦੇ ਵੱਸ ਨਹੀਂ ਰਿਹਾ।

ਜਾਗ ਵੇ ਵੀਰਨਾ! ਘੇਸਲ ਵੱਟ ਕੇ ਕਿੰਨਾ ਕੁ ਸਮਾਂ ਲੰਘਾਇਆ ਜਾ ਸਕਦਾ। ਹਰ ਬਨੇਰੇ 'ਤੇ ਜਗਦੇ ਦੀਵੇ ਬੁੱਝ ਗਏ ਨੇ। ਮੰਡਰਾਉਂਦੀ ਹੈ ਫਿਰਨੀਆਂ ਵਿਚ ਮੌਤ। ਇਸਦੀ ਜ਼ੱਦ ਵਿਚ ਆਈ ਪਰਿੰਦਿਆਂ ਦੀ ਹੋਣੀ ਨੂੰ ਕਿੰਨਾ ਕੁ ਚਿਰ ਟਾਲਿਆ ਜਾ ਸਕਦਾ?

ਯਾਦ ਰੱਖ ਵੀਰਨਾ! ਜਦ ਦਰਾਂ ਵਿਚ ਸੁੰਨ ਪਸਰਦੀ, ਘਰ ਦੀ ਕੁੱਖ ਨੂੰ ਮਾਤਮੀ ਜਾਗ ਲੱਗਦਾ ਅਤੇ ਕਮਰਿਆਂ ਵਿਚ ਹੰਝੂਆਂ ਤੇ ਹਾਵਿਆਂ ਦੀ ਸਲਾਬ ਹੋਵੇ ਤਾਂ ਬਹੁਤ ਕਹਿਰਵਾਨ ਹੁੰਦਾ ਹੈ ਕਮਰਿਆਂ ਵਿਚ ਉਗੀਆਂ ਕਬਰਾਂ ਦਾ ਬੋਲਣਾ ਅਤੇ ਕੰਧ ਦੀ ਹਿੱਕ 'ਤੇ ਉਡੀਕਾਂ ਦੇ ਖੰਡਰ ਫਰੋਲਣੇ। ਬੰਦਾ ਆਪਣੀਆਂ ਆਂਦਰਾਂ ਨੂੰ ਗੰਢ ਮਾਰਦਾ ਅਤੇ ਦੁਹੱਥੜੀਂ ਪਿੱਟਦਾ ਏ।

ਜਾਗ ਵੇ ਸ਼ੋਰਗੁਲ ਤੋਂ ਨਿਰਲੇਪ ਰਹਿਣ ਦਾ ਪਾਖੰਡ ਕਰਨ ਵਾਲਿਆ! ਤੇਰੀ ਸਾਜਸ਼ੀ ਚੁੱਪ ਨੇ ਵੈਰਾਨ ਕਰ ਦਿਤੇ ਨੇ ਘਰ, ਪਿੰਡ ਉਜੜ ਰਹੇ ਨੇ ਅਤੇ ਸ਼ਹਿਰ ਬੇ-ਆਬਾਦ ਹੋ ਰਹੇ ਨੇ। ਇਸ ਬਰਬਾਦੀ ਦਾ ਜਦ ਵੀ ਇਤਿਹਾਸ ਲਿਖਿਆ ਜਾਵੇਗਾ ਤਾਂ ਵੀਰਨਾ ਤੇਰਾ ਨਾਮ ਸਭ ਤੋਂ ਉਪਰ ਹੋਣਾ ਏ। ਬੀਤਿਆ ਵਕਤਤੈਨੂੰ ਕਦੇ ਮੁਆਫ਼ ਨਹੀਂ ਕਰੇਗਾ।

ਜਾਗ ਵੇ ਵੀਰਨਾ! ਕੇਹਾ ਵਕਤ ਆਣ ਢੁੱਕਾ ਏ ਇਸ ਨਗਰ-ਦੁਆਰੀਂ ਕਿ ਚਾਵਾਂ ਨਾਲ ਪਾਲੇ ਪੁੱਤਾਂ ਨੂੰ ਵਿਦੇਸ਼ ਭੇਜਣ ਲਈ ਮਾਵਾਂ ਸੁੱਖਾਂ ਸੁੱਖਦੀਆਂ ਨੇ ਕਿ ਸ਼ਾਇਦ ਉਹਨਾਂ ਦਾ ਲਾਡਲਾ ਇਸ ਕਾਲੇ ਸਮਿਆਂ ਵਿਚ ਗਵਾਚਣੋ ਬਚ ਜਾਵੇ। ਹੁਣ ਸਿਰਫ਼ ਜਵਾਨੀ ਹੀ ਪ੍ਰਦੇਸ ਨਹੀਂ ਜਾ ਰਹੀ ਸਗੋਂ ਪੰਜਾਬੀਆਂ ਦਾ ਸਮੁੱਚਾ ਸਰਮਾਇਆ ਹੀ ਵਿਦੇਸ਼ੀ ਉਨਤੀ ਅਤੇ ਪ੍ਰਾਪਤੀ ਦਾ ਹਾਸਲ ਬਣ ਰਿਹਾ ਹੈ। ਭਾਂਵੇਂ ਉਹ ਜਵਾਨੀ ਹੋਵੇ, ਧੰਨ ਹੋਵੇ ਜਾਂ ਨਵੀਆਂ ਬੁਲੰਦੀਆਂ ਸਿਰਜਣ ਵਾਲੀ ਸੋਚ, ਸਮਰੱਥਾ ਅਤੇ ਗਿਆਨ-ਗੰਗਾ ਹੋਵੇ। ਜਦ ਕਿਸੇ ਕੌਮ ਦੀ ਜਵਾਨੀ ਬਦ-ਹਵਾਸ ਹੋ ਕੇ ਵਿਦੇਸ਼ ਵੱਲ ਨੂੰ ਪੈਰ ਪੁੱਟਦੀ ਤਾਂ ਬਹੁਤ ਕੁਝ ਗਵਾਚ ਜਾਂਦਾ ਏ। ਬਿੱਖਰ ਜਾਂਦਾ ਏ ਸਮਾਜਿਕ ਤਾਣਾ-ਬਾਣਾ, ਗਵਾਚ ਜਾਂਦੀ ਹੈ ਦਿੱਖ, ਦ੍ਰਿਸ਼ਟੀ ਅਤੇ ਰੋਹਬੀਲਾ ਅੰਦਾਜ਼। ਗੁੰਮ ਜਾਂਦੀ ਏ ਬੋਲੀ, ਬਾਣਾ ਅਤੇ ਬਾਣੀ। ਮਾਯੂਸ ਹੋ ਜਾਂਦੀ ਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਹਿਮੀਅਤ। ਬਹੁਤ ਕੁਝ ਗਵਾ ਲਿਆ ਏ ਹੁਣ ਤੀਕ। ਜੇ ਇਸਨੂੰ ਰੋਕਣ ਲਈ ਸ਼ੁਰੂਆਤ ਨਾ ਕੀਤੀ ਗਈ ਇਥੇ ਕੁਝ ਨਹੀਂ ਬਚਣਾ।

ਜਾਗ ਵੇ ਵੀਰਨਾ! ਕਦੇ ਸੋਚੀਂ ਕਿ ਤੂੰ ਕਿੰਨੀ ਮਿਹਨਤ ਕੀਤੀ, ਕਿੰਨੀਆਂ ਕੁਰਬਾਨੀਆਂ ਕੀਤੀਆਂ ਅਤੇ ਇਹਨਾਂ ਦਾ ਕੀ ਮੁੱਲ ਪਾਇਆ ਗਿਆ? ਕੀ ਤੈਨੂੰ ਮਾਣ-ਸਨਮਾਨ ਮਿਲਿਆ ਏ? ਕੀ ਦੇਸ਼ ਦੇ ਅੰਨ-ਭੰਡਾਰ ਭਰਨ ਵਾਲਿਆਂ ਨੂੰ ਖੁਦਕੁਸ਼ੀਆਂ ਦੀ ਸੌਗਾਤ ਹੀ ਮਿਲਣੀ ਸੀ? ਕੀ ਕੀਟਨਾਸ਼ਕ, ਖਾਦਾਂ ਅਤੇ ਦਵਾਈਆਂ ਪਾ ਕੇ ਪੰਜਾਬ ਨੇ ਸਿਰਫ਼ ਬਿਮਾਰਾਂ ਦੀ ਨਗਰੀ ਹੀ ਬਣਨਾ ਸੀ? ਕੀ ਹੁਣ ਸਿਰਫ਼ ਹਸਪਤਾਲਾਂ ਵਿਚੋਂ ਹੀ ਔਲਾਦ ਨੂੰ ਭਾਲਣ, ਜ਼ਿੰਦਗੀ ਦੀ ਤਾਮੀਰਦਾਰੀ ਕਰਨ ਅਤੇ ਸਾਹਾਂ ਦੀ ਸਲਾਮਤੀ ਨੂੰ ਹੀ ਕਿਆਸਿਆ ਜਾਵੇਗਾ?

ਵੇ ਵੀਰਨਾ! ਕਦੇ ਸਾਝਰੇ ਜਹੇ ਉਠ ਧਿਆਨ ਕਰੀਂ ਕਿ ਕਿਉਂ ਸਰਕਾਰੀ ਸਕੂਲ, ਕਾਲਜ਼, ਹਸਪਤਾਲ ਅਤੇ ਹੋਰ ਅਦਾਰੇ ਬੰਦ ਹੋਣ ਦੀ ਕਗਾਰ 'ਤੇ ਨੇ? ਕੀ ਕਾਰਨ ਹੈ ਕਿ ਪ੍ਰਾਈਵੇਟ ਅਦਾਰੇ ਹਰ ਖੇਤਰ ਵਿਚ ਹੀ ਕਾਬਜ਼ ਹੋ ਰਹੇ ਨੇ? ਕਿੰਨੀਆਂ ਜ਼ਿੰਦਗੀਆਂ ਨੂੰ ਰੁਜ਼ਗਾਰ ਭਾਲਦਿਆਂ ਭਾਲਦਿਆਂ, ਆਪਣੇ ਸਾਹਾਂ ਨੂੰ ਅਲਵਿਦਾ ਕਹਿਣ ਲਈ ਮਜਬੂਰ ਹੋਣਾ ਪਿਆ?

ਵੇ ਵੀਰਨਾ! ਤੂੰ ਕਿਹੋ ਜਿਹਾ ਵੀਰ ਏ ਜੋ ਸਿਰਫ਼ ਚਿੱਕੜ ਉਛਾਲਣ ਅਤੇ ਦੂਸਰੇ ਭਰਾਵਾਂ ਨੂੰ ਮਾੜਾ ਕਹਿ, ਨੀਵਾਂ ਦਿਖਾ ਅਤੇ ਕੋਹਝਾ ਬਣਾ, ਆਪ ਚੰਗਾ, ਸੁਹਜ ਭਰਪੂਰ ਅਤੇ ਬਿਹਤਰ ਹੋਣ ਦਾ ਭਰਮ ਪਾਲਦਾ ਏਂ। ਚੰਗਾ ਬਣਨਾ ਏ ਤਾਂ ਕੁਝ ਅਜੇਹਾ ਕਰ ਕਿ ਤੂੰ ਦੂਸਰੇ ਭਰਾਵਾਂ ਨਾਲੋਂ ਵਿਕਲੋਤਰਾ ਅਤੇ ਵਿਲੱਖਣ ਹੋਵੇਂ, ਆਪਣੀ ਸੋਚ, ਕਰਮਸ਼ੈਲੀ, ਤਿਆਗ-ਭਾਵਨਾ, ਸਮਾਜ-ਸੇਵਾ ਅਤੇ ਮਨ ਵਿਚ ਕੁਝ ਚੰਗੇਰਾ ਕਰਨ ਦੀ ਤਮੰਨਾ ਨਾਲ। ਬਿਆਨਬਾਜ਼ੀ ਨਾਲ ਭਰਮ-ਭੁਲੇਖੇ ਪਾਉਣ ਅਤੇ ਕੁਝ ਕਰਨ ਵਿਚ ਬਹੁਤ ਅੰਤਰ ਹੁੰਦਾ। ਸੁਪਨੇ ਦਿਖਾਉਣੇ ਅਤੇ ਸੁਪਨ-ਪੂਰਤੀ ਲਈ ਖੁਦ ਨੂੰ ਸਮਰਪਿਤ ਕਰਨਾ, ਵੱਖੋ-ਵੱਖਰੀ ਗੱਲ। ਪੂਰਨ ਸਮਰਪਿਤਾ ਲਈ ਨਿੰਜੀ ਤਰਜ਼ੀਹਾਂ, ਅਰਾਮ, ਐਸ਼ੋ-ਇਸ਼ਰਤ ਜਾਂ ਲੋਭ-ਲਾਲਚ ਨੂੰ ਤਿਆਗ ਕੇ ਹੀ ਕੁਝ ਚੰਗੇਰਾ ਕੀਤਾ ਜਾ ਸਕਦਾ। ਇਤਿਹਾਸ ਵਿਚ ਸਿਰਫ਼ ਉਹਨਾਂ ਦਾ ਨਾਮ ਰਹਿੰਦਾ ਜਿਹਨਾਂ ਦੇ ਮਨਾਂ ਵਿਚ ਲੋਕਾਈ ਪ੍ਰਥਮ ਹੋਵੇ।

ਕੰਨੀਂ ਵਲੇਟ ਕੇ ਸੁੱਤਿਆ ਵੀਰਨਾ! ਕੀ ਇਹ ਤੇਰੇ ਹੀ ਸਮਿਆਂ ਵਿਚ ਹੋਣਾ ਸੀ ਜਦ ਤੇਰੇ ਸਾਹਮਣੇ ਅਰਦਾਸ ਤੇ ਅਜ਼ਾਨ ਨੇ ਆਪਸ ਵਿਚ ਉਲਝਣਾ ਸੀ? ਅੱਲ੍ਹਾ ਤੇ ਰਾਮ ਦੀ ਪੀਢੀ ਸਾਂਝ ਨੇ ਤੀਲਾ-ਤੀਲਾ ਹੋਣਾ ਸੀ?ਸਿੰਘ, ਮੁਹੰਮਦ, ਰਾਮ, ਦੇਵ ਜਾਂ ਅਲਾਦੀਨ ਦਰਮਿਆਨ ਨਸਲੀ ਵਿਤਕਰਿਆਂ ਨੇ ਇਕ ਦੂਜੇ ਨੂੰ ਖੂਨ ਦੇ ਪਿਆਸੇ ਬਣਾਉਣਾ ਸੀ? ਧਰਮ, ਜਾਤ, ਰੰਗ, ਨਸਲ ਅਤੇ ਖਿਤਿਆਂ ਦੀ ਬਰਬਾਦੀ ਦੇ ਕੀਰਨੇ ਪਾਉਣ ਲਈ ਮਾਂਗਵੀਆਂ ਧਾੜਾਂ ਨੂੰ ਵਰਤਿਆ ਜਾਣਾ ਸੀ? ਧਰਮ ਦੀ ਤੱਕੜੀ ਦੇ ਵੱਟਿਆਂ ਸੰਗ ਵੋਟਾਂ ਨੇ ਤੁੱਲਣਾ ਸੀ? ਜਾਤਾਂ ਦੀਆਂ ਹਿੱਕਾਂ ਨੇ ਕੁਰਸੀਆਂ ਦੇ ਪਾਵੇ ਬਣਨਾ ਸੀ? ਲਿਆਕਤ, ਗਿਆਨ ਅਤੇ ਸੋਝੀ ਦੀ ਨਿਲਾਮੀ ਲਈ ਗਿਆਨਹੀਨਾਂ ਨੇ ਚੌਧਰੀ ਬਣਨਾ ਸੀ? ਅਧਰਮੀਆਂ ਨੇ ਲੋਕਾਂ ਦੀਆਂ ਅੱਖਾਂ ਵਿਚ ਕੁੱਕਰੇ, ਸੋਚ ਵਿਚ ਧੁੰਧਲਕਾ ਅਤੇ ਕਰਮ-ਰੇਖਾਵਾਂ ਵਿਚ ਵਿਨਾਸ਼ ਉਗਾਣਾ ਸੀ? ਕਦੇ ਤਾਂ ਸੋਚ ਵੇ ਵੀਰਨਾ! ਕੀ ਦਾ ਕੀ ਹੋ ਗਿਆ ਪਰ ਤੇਰੀ ਜਾਗ ਹੀ ਨਹੀਂ ਖੁੱਲੀ।

ਜਾਗ ਵੇ ਵੀਰਨਾ! ਤੇਰੇ ਬਾਪ ਦੀ ਲੀਰਾਂ ਹੋਈ ਪੱਗ ਵਿਚੋਂ ਝਾਕਦੀਆਂ ਨੇ ਜਟੂਰੀਆਂ। ਮਾਂ ਦੀ ਪਾਟੀ ਚੁੰਨੀ ਵਿਚੋਂਸੁਪਨੇ ਕਿਰ ਕੇ ਮਿੱਟੀ ਵਿਚ ਰੁੱਲ ਗਏਨੇ। ਭੈਣ ਦੀ ਰੱਖੜੀ ਵਿਰਲਾਪ ਕਰ ਰਹੀ ਏ। ਧੀ ਦੇ ਹੱਥਾਂ 'ਤੇ ਲੱਗਣ ਵਾਲੀ ਮਹਿੰਦੀ, ਸਿਰ 'ਤੇ ਉਗਦੀਆਂ ਚਾਂਦੀ ਦੀਆਂ ਤਾਰਾਂ ਕਾਰਨ,ਕੀਰਨਾ ਬਣ ਗਈ ਏ। ਤ੍ਰਿੜਕੇ ਸ਼ਤੀਰਾਂ ਅਤੇ ਤ੍ਰਿਪ-ਤ੍ਰਿਪ ਚੋਂਦੀਆਂ ਛੱਤਾਂ ਵਿਚੋਂ ਕਿਹੜੇ ਸੁੱਖਨ ਅਤੇ ਸੰਤੁਸ਼ਟੀ ਦਾ ਖਿਆਲ ਆਵੇਗਾ? ਰਾਤਾਂ ਦੀ ਨੀਂਦ ਨੂੰ ਹੰਘਾਲਣ ਦਾ ਕੌਣ ਏ ਜਿੰਮੇਵਾਰ? ਵੀਰਨਾ! ਕਦੇ ਤੂੰ ਸੋਚਿਆ ਕਿ ਅਜ਼ਾਰੇਦਾਰੀ, ਅਜ਼ਾਦੀ ਨਹੀਂ ਹੁੰਦੀ। ਕਬਜ਼ੇ ਦੀ ਭਾਵਨਾ, ਕ੍ਰਿਪਾਲਤਾ ਨਹੀਂ ਕਹੀ ਜਾ ਸਕਦੀ। ਕਿਸੇ ਦੇ ਰਾਹਾਂ ਵਿਚ ਕੰਡੇ ਬੀਜਣ ਨੂੰ ਭਲਿਆਈ ਦਾ ਨਾਮ ਨਹੀਂ ਦਿਤਾ ਜਾ ਸਕਦਾ। ਜਦ ਸਭ ਕੁਝ ਹੀ, ਕੁਝ ਕੁ ਅਦਾਰਿਆਂ ਦੀ ਮਲਕੀਅਤ ਬਣ ਜਾਵੇ ਤਾਂ ਇਹਨਾਂ ਦੀ ਦਿਸ਼ਾ ਅਤੇ ਦਸ਼ਾ ਨਿੰਜੀ ਲਾਭਾਂ, ਮੁਨਾਫ਼ੇ, ਕੁਰਸੀ ਅਤੇ ਚੌਧਰ ਦੀ ਸਲਾਮਤੀ ਤੀਕ ਹੀ ਸੀਮਤ ਹੋ ਜਾਂਦੀ ਏ। ਅਜੇਹਾ ਹੀ ਅਜੋਕੇ ਹੀ ਸਮਿਆਂ ਵਿਚ ਹੋ ਰਿਹਾ ਏ।

ਜਾਗ ਵੇ ਸੁੱਤਿਆ ਵੀਰਨਾ! ਤੇਰੀ ਨੀਂਦ ਨੇ ਬਹੁਤ ਸਾਰੀਆਂ ਜਾਨਾਂ ਲੈ ਲਈਆਂ ਨੇ। ਘਰ ਖੰਡਰ ਬਣ ਗਏ ਨੇ। ਪੰਜਾਬ, ਉਜਾੜੇ ਦੀ ਕਗਾਰ 'ਤੇ ਹੈ। ਜਦ ਬੋਲੇ ਕੰਨਾਂ ਨੂੰ ਕਿਸੇ ਦੀ ਪੀੜਾ, ਦੁੱਖ ਅਤੇ ਕਸ਼ਟਾਂ ਨੂੰ ਸੁਣਨ ਅਤੇ ਇਹਨਾਂ ਨੂੰ ਨਿਵਾਰਨ ਦੀ ਬਿਰਤੀ ਨਾ ਰਹੇ ਤਾਂ ਉਸ ਗੁੰਗੀ ਬੋਲੀ ਹਕੂਮਤ ਦਾ ਰਾਜ਼ ਕਿੰਨਾ ਕੁ ਚਿਰ ਰਹਿ ਸਕਦਾ?

ਜਾਗ ਵੇ ਸੁੱਤਿਆ ਵੀਰਨਾਅਤੇ ਉਠ ਕੇ ਦੇਖ ਕਿ ਇਹ ਕੇਹੀ ਅਮਿੱਟ ਤ੍ਰੇਹ ਹੈ ਕਿ ਜਿਸਨੇ ਅੰਮ੍ਰਿਤ ਵਰਗੇ ਦਰਿਆ ਹੀ ਡੀਕ ਲਏ। ਮਰਦ ਅਗੰਮੜੇ ਜੰਮਣ ਵਾਲੀ ਧਰਤੀ ਦੀ ਔਲਾਦ ਨਾਮਰਦੀ ਦਾ ਸ਼ਿਕਾਰ ਹੋ ਗਈ। ਜੀਵਨ ਦਾਨ ਬਖਸ਼ਣ ਵਾਲੀ ਪੌਣ, ਮੌਤ ਦਾ ਸੱਦਾ-ਪੱਤਰ ਬਣ ਗਈ ਏ। ਕੁਦਰਤੀ ਨਿਆਮਤਾਂ ਨਾਲ ਕੀਤਾ ਗਿਆ ਖਿਲਵਾੜ ਤੈਨੂੰ ਨਜ਼ਰਕਿਉਂ ਨਹੀਂਆਉਂਦਾ?

ਵਾਸਤਾ ਈ ਜਾਗ ਵੇ! ਮੋਟੇ ਪਰਦਿਆਂ, ਉਚੀਆਂ ਦੀਵਾਰਾਂ ਅਤੇ ਮਹੱਲਾਂ ਵਿਚ ਰਹਿਣ ਵਾਲਿਆਂ ਨੂੰ ਝੁੱਗੀਆਂ ਕਿਵੇਂ ਨਜਰ ਆਉਣਗੀਆਂ? ਕਿਵੇਂ ਪਤਾ ਲੱਗੇਗਾ ਕਿ ਗਰੀਬੀ ਦੇ ਕੀ ਮਾਅਨੇ ਹੁੰਦੇ ਨੇ? ਬੇਰੁਜਗਾਰੀ ਵਿਚ ਪਿੱਸ ਰਹੀ ਨੌਜ਼ਵਾਨੀ ਜਦ ਨਸ਼ਿਆਂ ਦੀ ਜੱਦ ਵਿਚ ਆਉਂਦੀ ਹੈ ਤਾਂ ਕਿਵੇਂ ਖੇਤ ਵਿੱਕਦੇ ਨੇ? ਕਿਵੇਂ ਮਾਵਾਂ ਦੀਆਂ ਵਾਲੀਆਂ, ਪੁੱਤ ਦੇ ਨਸ਼ੇ ਦੀ ਪੂਰਤੀ ਕਰਦੀਆਂ ਨੇ? ਕਿਵੇਂ ਸੜਕਾਂ, ਰਾਹਾਂ ਅਤੇ ਥਾਵਾਂ 'ਤੇ ਦਨਦਨਾਉਂਦੀ ਲੁੱਟ-ਖੋਹ, ਗੈਂਗਾਂ ਦਾ ਰੂਪ ਧਾਰ, ਸਮੁੱਚੇ ਸਮਾਜ ਨੂੰ ਅਰਾਜਕਤਾ ਦੀ ਝੋਲੀ ਪਾ, ਆਮ ਨਾਗਰਿਕ ਦਾ ਜਿਊਣਾ ਮੁਹਾਲ ਕਰਦੀ ਏ? ਕਿਉਂ ਆਪਣੇ ਹੀ ਸਾਹ ਮਾਂਗਵੇਂ ਲੱਗਦੇ ਕਿਉਂਕਿ ਪਤਾ ਕਿ ਕਿਸ ਮੋੜ 'ਤੇ, ਕਿਸ ਨੇ ਸਾਹ-ਤੰਦੀ ਨੂੰ ਟੋਟੇ ਟੋਟੇ ਕਰ ਦੇਣਾ?

ਵੇ ਸੁੱਤਿਆ ਵੀਰਨਾ! ਬਹੁਤ ਖ਼ਤਰਨਾਕ ਹੁੰਦਾ ਹੈ ਸਫ਼ਰ ਵਿਚ ਸੌਂ ਜਾਣਾ। ਅਜੇਹੇ ਰਾਹਗੀਰ ਅਕਸਰ ਹੀ ਲੁੱਟੇ ਜਾਂਦੇ। ਸੱਸੀ ਦੀ ਕੇਹੀ ਅੱਖ ਲੱਗੀ ਸੀ ਕਿ ਬਲੋਚਾਂ ਨੇ ਉਸਦਾ ਪੁੰਨੂ ਹੀ ਲੁੱਟ ਲਿਆ ਅਤੇ ਥਲ ਵਿਚ ਤੜਫਦੀ ਤੇ ਹਾਕਾਂ ਮਾਰਦੀ ਸੱਸੀ ਦਾ ਜ਼ਿੰਦ-ਭੌਰ ਉਡਾਰੀ ਮਾਰ ਗਿਆ। ਮਿਰਜ਼ੇ ਦਾ ਜਰਾ ਕੁ ਸੌਂ ਜਾਣਾ ਹੀ ਪਿਆਰ ਕਹਾਣੀ ਦਾ ਦਰਦਨਾਕ ਅੰਤ ਹੋ ਨਿੱਬੜਿਆ ਅਤੇ ਸਾਹਿਬਾਂ ਦੀ ਵਿਲਕਣੀ ਬੱਕੀ ਦੀਆਂ ਧਾਹਾਂ ਵਿਚ ਤਬਦੀਲ ਹੋ ਗਈ। ਅਜੇਹਾ ਕਹਿਰ ਵਾਪਰਨ ਤੋਂ ਪਹਿਲਾਂ ਸੁਚੇਤ ਹੋਣਾ ਜਰੂਰੀ ਹੁੰਦਾ ਤਾਂ ਕਿ ਸਫ਼ਰ ਜਾਰੀ ਰਹੇ।

ਨੀਂਦ ਵਿਹਾਜਣ ਵਾਲਿਆ! ਕੁਝ ਲੋਕ ਸੁੱਤਿਆਂ ਜਾਗਦੇ ਹੁੰਦੇ। ਪਰ ਕੁਝ ਲੋਕ ਜਾਗਦਿਆਂ ਵੀ ਸੁੱਤੇ ਹੁੰਦੇ । ਅਜੇਹੇ ਲੋਕਾਂ ਤੋਂ ਕੀ ਆਸ ਰੱਖੀ ਜਾ ਸਕਦੀ ਕਿ ਉਹ ਸਮਾਜ ਜਾਂ ਸਮੁੱਚੀ ਮਾਨਵਤਾ ਲਈ ਚੰਗੇਰੇ ਪੱਖ ਨੂੰ ਵਿਚਾਰ ਸਕਣ ਅਤੇ ਮਨੁੱਖਤਾ ਦੀ ਭਲਾਈ ਅਤੇ ਚੰਗਿਆਈ ਲਈ ਅਹਿਮ ਰੋਲ ਅਦਾ ਕਰ ਸਕਣ। ਅਜੇਹੇ ਲੋਕਾਂ ਦਾ ਨਾਮ ਉਹਨਾਂ ਵਿਚ ਲੋਕਾਂ ਵਿਚ ਸ਼ਾਮਲ ਹੁੰਦਾ ਜਿਹਨਾਂ ਨੇ ਆਪਣੀ ਵਿਰਾਸਤ ਨੂੰ ਵਿਨਾਸ਼ ਦੀ ਕਗਾਰ 'ਤੇ ਲਿਆਂਦਾ। ਉਹਨਾਂ ਦੀਆਂ ਕੁਤਾਹੀਆਂ ਨੂੰ ਭੁੱਗਤਦਿਆਂ, ਕਈ ਨਸਲਾਂ ਆਪਣੀ ਆਉਧ ਗਵਾ ਬਹਿੰਦੀਆਂ। ਵੀਰਨਾ! ਰੱਬ ਮਹਿਰ ਕਰੇ ਕਿ ਅਜੇਹਾ ਕੁਝ ਨਾ ਹੋਵੇ।ਕਦੇ ਕਲਮ ਦੀ ਹਾਕ ਤਾਂ ਸੁਣ ਜੋ ਕੂਕਦੀ ;

ਜਾਗ ਵੇ ਸੁਤਿਆ ਵੀਰਨਾ
ਨਗਰੀਂ ਮੰਡਰਾਉਂਦੀ ਮੌਤ
ਚਾਅ ਦਾ ਇਕ ਬਚੂੰਗੜਾ
ਵਕਤੋਂ ਪਹਿਲਾਂ ਫੌਤ
ਹਟਕੋਰੇ ਭਰਦੀ ਪੌਣ ਦਾ
ਸੁੱਕਦਾ ਜਾਵੇ ਸਾਹ
ਔਂਤਰੇ ਬੋਲੀਂ ਗੁੱਟਕਦੀ
ਸੁੰਨ ਸੂਤਵੀਂ ਆਹ
ਖੇਤ ਖਲਿਆਣ ਮੌਲਦੀ
ਕੇਹੀ ਕੁਕਰਮੀ ਰੁੱਤ
ਧਰਤੀ ਮਾਂ ਦਾ ਲਾਡਲਾ
ਟਾਹਲੀ ਲਟਕਦਾ ਬੁੱਤ

ਡੂੰਘੀਂ ਨੀਂਦਰੇ ਸੁੱਤਿਆ
ਕਿਉਂ ਨਹੀਂ ਖੁੱਲਦੀ ਜਾਗ
ਗਰਾਂ, ਘਰਾਂ, ਦਰਾਂ ਦੇ
ਰੋਣ ਦੁਹੱਥੜੀਂ ਭਾਗ

ਫਿਰਨੀ ਉਤੇ ਬੈਠ ਗੀ
ਕਬਰਾਂ ਵਰਗੀ ਚੁੱਪ
ਛੱਤ 'ਤੇ ਉਗਿਆ ਚੰਦਰਮਾ
ਕਿੱਕਰੀਂ ਗਿਆ ਏ ਛੁੱਪ
ਘਰ ਦੀ ਢੱਠੀ ਕੰਧ 'ਤੇ
ਲਟਕੇ ਇਕ ਤਸਵੀਰ
ਜਿਸਦੇ ਨੈਣੀਂ ਵੱਸਦੀ
ਹੰਝੂਆਂ ਭਰੀ ਤਾਸੀਰ

ਜਾਗ ਕਦੇ ਤੂੰ ਵੀਰਿਆ
ਖੁਦ ਨੂੰ ਕਦੇ ਜਗਾ
ਚਿੰਤਾ, ਚਿੰਤਨ, ਚੇਤਨਾ ਤੋਂ
ਚਾਕਰੀ ਵੱਲ ਨੂੰ ਜਾ
ਹਾਵੇ ਮਣਸਣ ਵਾਲੀਆਂ
ਚਾਲਾਂ ਨੂੰ ਅੱਗ ਲਾ
ਸੋਚ, ਸਮਝ, ਸੰਵੇਦਨਾ ਨੂੰ
ਕਰਮ-ਧਰਮ ਬਣਾ

ਵੇ ਤੂੰ ਕੇਹੀ ਨੀਂਦਰੇ ਸੁੱਤਿਆ
ਕਿਉਂ ਨਹੀਂ ਸੁਣਦੀ ਲੇਰ
ਬਾਜ਼ਾਂ ਨੋਚੇ ਖੰਭ ਵੇ
ਚਿੜੀਆਂ ਕੀਤੀਆਂ ਢੇਰ
ਬਿਰਖ਼ ਦਾ ਹਰ ਪੱਤੜਾ
ਦੁੱਖਾਂ ਦੀ ਤਸਦੀਕ
ਲਗਰਾਂ ਕੋਲੋਂ ਰੁੱਸ ਗੀ
ਫੁੱਲਾਂ ਭਰੀ ਉਡੀਕ

ਕਦੇ ਤਾਂ ਉਠ ਵੇ ਭੈੜਿਆ
ਵਿਹੜੇ ਦਾ ਦਰਦ ਵੰਡਾ
ਕਦੇ ਤਾਂ ਇਸਦੀ ਹੂਕ ਦਾ
ਬਣ ਹੁੰਗਾਰਾ ਹਾਅ

ਜਾਗ ਵੇ ਸੁੱਤਿਆ ਵੀਰਨਾ
ਦੱਸ ਤੂੰ ਬਹਿ ਕੇ ਕੋਲ
ਕਬਰਾਂ ਵਰਗੀਆਂ ਮਾਵਾਂ ਦੇ
ਕੀਹਨੇ ਖੋਹ ਲਏ ਬੋਲ
ਕਿਉਂ ਹੋ ਗਈ ਸੱਖਣੀ
ਅਰਦਾਸਾਂ ਵਾਲੀ ਝੋਲ
ਬਿਨ ਡੰਗੋਰੀ ਨੈਣ ਵਿਹੂਣੀ
ਕੀਹਨੂੰ ਰਹੀ ਟਟੋਲ
ਪਤਾ ਨਹੀਂ ਕੀ ਢੂੰਡਦੀ
ਸਾਹ-ਗੰਠੜੀ ਨੂੰ ਖੋਲ
ਦਰਦ-ਵੰਝੀ, ਦਰਦ-ਹਰਨੀ
ਖੁਦ ਨਹੀਂ ਖੁਦ ਦੇ ਕੋਲ।

ਵੇ ਵੀਰਨਾ! ਸ਼ਾਇਦ ਤੈਨੂੰ ਇਹ ਗੱਲ ਚੰਗੀ ਨਾ ਲੱਗੇ। ਪਰ ਸੱਚ ਏ ਕਿ ਤੂੰ ਤਾਂ ਇਕ ਰੋਲ ਮਾਡਲ ਸੀ। ਪਰ ਹੁਣ ਤੂੰ ਕਿਹੋ ਜਿਹਾ ਰੋਲ ਮਾਡਲ ਏਂ ਇਸਨੂੰ ਤੂੰ ਖੁਦ ਵੀ ਚੰਗੀ ਤਰ੍ਹਾਂ ਜਾਣਦਾ? ਕਿਸੇ ਨੂੰ ਕੁਝ ਪੁੱਛਣ ਜਾਂ ਦੱਸਣ ਦੀ ਲੋੜ ਨਹੀਂ। ਬਹੁਤ ਕੁਝ ਹੁੰਦਾ ਜੋ ਕਿਸੇ ਵਡੇਰੇ ਦੇ ਰਾਹਾਂ 'ਤੇ ਤੁਰਦਿਆਂ, ਉਹਨਾਂ ਦੀਆਂ ਕੀਰਤੀਆਂ ਨੂੰ ਅਪਣਾ ਕੇ ਪ੍ਰਾਪਤ ਕੀਤਾ ਜਾ ਸਕਦਾ। ਕਦੇ ਸਮੇਂ ਮਿਲੇ ਤਾਂ ਦੱਸੀਂ ਕਿ ਤੇਰੀਆਂ ਕਿਹੜੀਆਂ ਕੀਰਤੀਆਂ ਨੂੰ ਨਗਰ-ਵਾਸੀਆਂ ਦੀ ਸਮੁੱਚਤਾ ਦਾ ਸਰਫ਼ ਹੋਣ ਦਾ ਮਾਣ ਹੋ ਸਕਦਾ?

ਵੇ ਵੀਰਨਾ! ਤੇਰਾ ਪੰਜਾਬ ਵੱਸਦਾ ਉਜੜ ਗਿਆ ਏ ਤੇ ਤੈਨੂੰ ਖਬਰ ਤੀਕ ਨਾ ਹੋਈ। ਪਿੰਜਰ ਪਿੰਜਰ ਹੋ ਗਿਆ ਤੇ ਰੂਹ ਅੰਬਰੀਂ ਤੀਕਰ ਰੋਈ। ਉਜਾੜੇ ਬਹੁਤ ਦਰਦੀਲੇ ਹੁੰਦੇ ਅਤੇ ਇਸਦਾ ਦਰਦ ਸਦੀਆਂ ਤੀਕ ਚਸਕਦਾ ਰਹਿੰਦਾ। ਲੇਰਾਂ ਵੱਸਦੀਆਂ ਨੇ ਫਿਜ਼ਾ ਵਿਚ। ਹਾਉਕੇ ਬਿਖਰ ਜਾਂਦੇ ਨੇ ਚਾਰ-ਚੌਫੇਰੇ ਅਤੇ ਹਾਸਿਆਂ ਦੀ ਨੱਪੀ ਜਾਂਦੀ ਏ ਸੰਘੀ। ਕਦੇ ਇਸ ਦਰਦ ਨੂੰ ਆਪਣੀ ਸੰਵੇਦਨਾ ਹਿੱਸਾ ਬਣਾ, ਸ਼ਾਇਦ ਉਜੜੇ ਨੂੰ ਮੁੜ ਤੋਂ ਵਸਾਉਣ ਦਾ ਖਿਆਲ ਤੈਨੂੰ ਆ ਹੀ ਜਾਵੇ।

ਜਾਗ ਵੇ ਵੀਰਨਾ। ਸਮਾਜਿਕ, ਰਾਜਨੀਤਕ ਜਾਂ ਸਰਕਾਰ-ਦਰਬਾਰ ਦੀ ਕਾਰਜਸ਼ੈਲੀ ਅਤੇ ਕਦਰਾਂ-ਕੀਮਤਾਂ ਵਿਚ ਕੇਹਾ ਨਿਘਾਰ ਆ ਗਿਆ ਕਿ ਬਸ਼ਿੰਦੇ ਇਸਦੇ ਮੱਥੇ ਲੱਗਣ ਤੋਂ ਵੀ ਡਰਨ ਲੱਗ ਪਏ ਨੇ। ਕੇਹੀ ਅਰਾਜਕਤਾ ਏ ਕਿ ਕਿਸੇ ਗਲੀ ਜਾਂ ਰਾਹੇ ਜਾਂਦਿਆਂ ਧੀਆਂ, ਭੈਣਾਂ, ਮਾਤਾਵਾਂ ਮਹਿਫੂਜ਼ ਨਹੀਂ। ਕਿਧਰੇ ਵੀ, ਕੋਈ ਵੀ ਉਹਨਾਂ ਦਾ ਚੀਰ-ਹਰਨ ਕਰ ਸਕਦਾ ਕਿਉਂਕਿ ਹੁਣ ਦਰਿੰਦਿਆਂ ਨੂੰ ਕਿਸੇ ਦਾ ਡਰ ਨਹੀਂ ਰਿਹਾ। ਰਾਜਸੀ ਸਰਪ੍ਰਸਤੀ ਨੇ ਕੁਕਰਮੀਆਂ ਦਾ ਹੌਂਸਲਾ ਇੰਨਾ ਵਧਾ ਦਿਤਾ ਕਿ ਉਹ ਕੁਝ ਵੀ ਕਰ ਸਕਦੇ ਅਤੇ ਉਹਨਾਂ ਦਾ ਕੁਝ ਵੀ ਨਹੀਂ ਵਿਗੜਦਾ ਕਿਉਂਕਿ ਉਹ ਕਿਸੇ ਧਿਰ ਦੀਆਂ ਵੋਟਾਂ ਜੁ ਹੁੰਦੇ। ਇਸਦਾ ਅਹਿਸਾਸ ਸਿਰਫ਼ ਖੁਦ ਨਾਲ ਵਾਪਰਨ ਤੇ ਹੀ ਹੋ ਸਕਦਾ ਕਿ ਕਿਉਂ ਤੇ ਕਿਵੇਂ ਲੋਕਾਂ ਨੂੰ ਆਪਣੀਆਂ ਜ਼ਮੀਰਾਂ, ਜ਼ਮੀਨਾਂ, ਜਿਸਮ, ਜ਼ਜਬਾਤ ਅਤੇ ਜ਼ਰੂਰਤਾਂ ਨੂੰ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ?

ਜਾਗ ਵੇ ਸੁੱਤਿਆ ਵੀਰਨਾ! ਤੇਰੇ ਪਹਿਰਦੇਦਾਰ ਹੀ ਲੁਟੇਰੇ ਬਣ ਗਏ। ਲੁੱਟ ਦਾ ਮਾਲ ਡਾਗਾਂ ਨਾਲ ਮਿਣਿਆ ਜਾਣ ਲੱਗ ਪਿਆ ਏ। ਲੱਠਮਾਰ ਕਦੇ ਹਲੀਮੀ ਰਾਜ਼ ਦੇ ਕਰਿੰਦੇ ਨਹੀਂ ਹੁੰਦੇ। ਜਿਸਮਾਂ ਨੂੰ ਨੋਚਣ ਵਾਲੇ ਵੀ ਕਦੇ ਇਨਸਾਫ਼ ਕਰਦੇ ਆ? ਹੁਣ ਤਾਂ ਖੁਦ ਨੂੰ ਗਿਰਵੀ ਰੱਕਣ ਤੋਂ ਬਗੈਰ ਕੋਈ ਚਾਰਾ ਨਹੀਂ ਬਚਿਆ।

ਵੇ ਸੁੱਤਿਆ ਵੀਰਨਾ! ਕਦੇ ਸੋਚਿਆ ਜੇ ਕਿ ਵਿਦੇਸ਼ਾਂ ਵਿਚ ਵੱਸੇ ਪ੍ਰਵਾਸੀ ਆਪਣੀ ਮਿੱਟੀ ਨੂੰ ਸੱਜਦਾ ਕਰਨ ਤੋਂ ਕਿਉਂ ਡਰਨ ਲੱਗ ਪਏ? ਉਹਨਾਂ ਦੀਆਂ ਜ਼ਮੀਨਾਂ ਅਤੇ ਜਾਇਦਾਦਾਂ ਤੇ ਕੌਣ ਹੋ ਰਹੇ ਨੇ ਕਾਬਜ਼? ਕਿਉਂ ਪਿੰਡ ਪਰਤਣ 'ਤੇ ਉਹਨਾਂ ਦੇ ਹੀ ਖੇਤਾਂ ਵਿਚ ਉਹਨਾਂ ਲਈ ਕਬਰਾਂ ਦੀ ਖੁਦਾਈ ਹੁੰਦੀ ਹੈ? ਸ਼ਰੀਕ ਕਿੰਨੇ ਬੇਖ਼ੌਫ਼ ਹੋ ਕੇ ਆਪਣਿਆਂ ਦੇ ਸਾਹਾਂ ਨੂੰ ਆਹ ਬਣਾਉਣ ਲਈ ਹਰ ਹੀਲਾ ਵਰਤ ਰਹੇ ਨੇ? ਉਹਨਾਂ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ ਕਿਉਂਕਿ ਸਰਕਾਰੀ ਤੰਤਰ ਨੂੰ ਧਨ ਨਾਲ ਖਰੀਦਿਆ ਜਾ ਰਿਹਾ। ਕਦੇ ਤਾਂ ਆਪਣੇ ਅਹਿਲਕਾਰਾਂ ਨੂੰ ਪੁੱਛ ਕਿ ਕਿਉਂ ਜਾਇਦਾਦਾਂ ਤੇ ਜ਼ਮੀਨਾਂ ਦੀ ਬੇਕਦਰੀ ਹੈ? ਕਿਉਂ ਪੰਜਾਬ ਦਿਨ-ਬਦਿਨ ਕੰਗਾਲ ਹੋ ਰਿਹਾ? ਕਿਉਂ ਹਰ ਸਾਲ ਅੰਦਾਜ਼ਨ ਇਕ ਲੱਖ ਕਰੋੜ ਰੁਪਇਆ ਬਾਹਰਲੇ ਦੇਸ਼ਾਂ ਨੂੰ ਜਾ ਰਿਹਾ। ਕੀ ਤੂੰ ਅਜੇਹੇ ਮੱਕੜ-ਜਾਲ ਦਾ ਹਿੱਸਾ ਤੇ ਹਾਸਲ ਤਾਂ ਨਹੀਂ ਜਿਹੜੇ ਆਪਣੇ ਮੁਫ਼ਾਦ ਦੀ ਪੂਰਤੀ ਇਹ ਕੁਝ ਕਰ ਰਹੇ ਨੇ?

ਜਾਗ ਵੇ ਸੁੱਤਿਆ ਵੀਰਨਾ! ਸਰਦਾਰੀਆਂ ਸਦੀਵੀ ਨਹੀਂ ਹੁੰਦੀਆਂ ਸਿਰਫ਼ ਉਹਨਾਂ ਦੀਆਂ ਸਦੀਵ ਹੁੰਦੀਆਂ ਜੋ ਇਸਦੀ ਅਹਿਮੀਅਤ ਸਮਝਦੇ ਅਤੇ ਇਸਨੂੰ ਭਲਿਆਈ ਅਤੇ ਬੰਦਿਆਈ ਲਈ ਵਰਤਦੇ। ਕਈ ਤੁੱਰ ਗਏ ਨੇ ਸਰਦਾਰ। ਸਿਰਫ਼ ਉਹ ਸਰਦਾਰ ਹੀ ਚੇਤਿਆਂ ਵਿਚ ਰਹਿੰਦੇ ਜੋ ਨਵੀਆਂ ਪਹਿਲ-ਕਦਮੀਆਂ, ਪੈੜਾਂ ਅਤੇ ਪ੍ਰਾਪਤੀਆਂ ਵਿਚੋਂ ਸਰਬ-ਸੁਖਨ ਅਤੇ ਸ਼ੁਭ-ਕਰਮਨ ਦਾ ਹੋਕਰਾ ਹੁੰਦੇ। ਚੰਗਾ ਹੋਵੇਗਾ ਜੇ ਇਹ ਸ਼ੁਭ ਵਿਚਾਰ ਤੈਨੂੰ ਜਗਾਵੇ ਅਤੇ ਤੇਰੇ ਪੈਰਾਂ ਵਿਚ ਤੁੱਰਨ ਦਾ ਜੇਰਾ ਅਤੇ ਕਦਮਾਂ ਵਿਚ ਮੰਜ਼ਲਾਂ ਦੀ ਦੱਸ ਪਾਵੇ।

ਜਾਗ ਵੇ ਵੀਰਨਾ! ਕਿ ਇਸਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ ਅਤੇ ਸਮੁੱਚਾ ਪਿੰਡ ਹੀ ਉਜੜ ਜਾਵੇ। ਕੁਝ ਤਾਂ ਹੋਸ਼ ਕਰ, ਹੌਂਸਲਾ ਕਰ ਅਤੇ ਕੁਝ ਉਦਮ ਕਰ ਕਿਉਂਕਿ ਉਦਮ ਕਰੇਂਦਿਆਂ ਹੀ ਸਫ਼ਲਤਾਵਾਂ ਨੂੰ ਜਾਗ ਲੱਗਦਾ। ਨੈਣਾਂ ਨੂੰ ਸੁਪਨਿਆਂ ਅਤੇ ਇਹਨਾਂ ਨੂੰ ਪੂਰਾ ਕਰਨ ਦਾ ਧਰਵਾਸ ਪੈਦਾ ਹੁੰਦਾ। ਜਦ ਸੁਪਨੇ ਦੁੱਬਕ ਜਾਣ ਅਤੇ ਦੀਦਿਆਂ ਨੂੰ ਇਸਦਾ ਅਹਿਸਾਸ ਹੀ ਨਾ ਰਹੇ ਤਾਂ ਸੁਪਨਿਆਂ ਨੂੰ ਰਾਖ਼ ਬਣਦਿਆਂ ਦੇਰ ਨਹੀਂ ਲੱਗਦੀ। ਅਜੇਹੇ ਵਕਤ ਵਿਚ ਹੁਣ ਬਹੁਤੀ ਦੇਰ ਨਹੀਂ।

ਜਾਗ ਵੇ ਵੀਰਨਾ। ਸੁੱਤਿਆਂ ਬਹੁਤ ਦੇਰ ਹੋ ਗਈ ਏ। ਹੋਰ ਦੇਰ ਨਾ ਕਰ ਕਿਉਂਕਿਮੌਤ, ਮਰਸੀਆ ਤੇ ਮਾਤਮ ਦਾ ਕੋਈ ਵਸਾਹ ਨਹੀਂ। ਪੁੱਲਾਂ ਹੇਠੋਂ ਬਹੁਤ ਪਾਣੀ ਲੰਘ ਚੁੱਕਾ।ਹੁਣ ਹੀ ਕੁਝ ਅਜੇਹਾ ਕਰ ਕਿ ਤੇਰਾ ਨਾਮ, ਇਤਿਹਾਸ ਦੇ ਵਰਕਿਆਂ 'ਤੇ ਸੂਰਜ ਵਾਂਗ ਚਮਕਦਾ ਰਹੇ।

ਫ਼ੋਨ # 001-216-556-2080

# ਪੰਜਾਬ ਵਿਧਾਨ ਸਭਾ ਦੀ ਸੈਕਟਰੀ ਆਈ ਏ ਐੱਸ ਸ਼ਸ਼ੀ ਲਖਨਪਾਲ ਮਿਸ਼ਰਾ ਨੂੰ ਹਾਈ ਕੋਰਟ ਦਾ ਨੋਟਿਸ

*** ਸੀਨੀਆਰਟੀ ਵਿਵਾਦ 'ਚ ਜਾਣ ਬੁੱਝ ਕੇ ਹੁਕਮ ਨਾ ਮੰਨਣ ਦਾ ਦੋਸ਼**



ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਪੰਜਾਬ ਵਿਧਾਨ ਸਭਾ ਦੀ ਸਕੱਤਰ ਆਈ ਏ ਐੱਸ ਅਧਿਕਾਰੀ ਸ਼ਸ਼ੀ ਲਖਨਪਾਲ ਮਿਸ਼ਰਾ ਨੂੰ ਮਾਣੀ-ਹਾਨੀ ਪਟੀਸ਼ਨ ਉੱਤੇ ਨੋਟਿਸ ਜਾਰੀ ਕੀਤਾ ਹੈ। ਇਹ ਪਟੀਸ਼ਨ ਸੀਨੀਆਰਟੀ ਵਿਵਾਦ ਬਾਰੇ ਅਦਾਲਤੀ ਹੁਕਮਾਂ ਦੀ ਜਾਣ ਬੁੱਝ ਕੇ ਉਲੰਘਣਾ ਕਰਨ ਦੇ ਦੋਸ਼ਾਂ ਬਾਰੇ ਹੈ। ਇਸ ਮਾਮਲੇ ਵਿੱਚ ਅਗਲੀ ਸੁਣਵਾਈ ਜੁਲਾਈ ਦੇ ਦੂਜੇ ਹਫਤੇ ਵਿੱਚ ਹੋਵੇਗੀ। ਇਸ ਬਾਰੇ ਹਾਈ ਕੋਰਟ ਦੇ ਬੈਂਚ ਨੇ ਸਾਫ ਕਿਹਾ ਹੈ ਕਿ ਇਸ ਕੇਸ ਵਿੱਚ ਜੇ ਕੋਈ ਜਵਾਬ ਦੇਣਾ ਹੋਇਆ ਤਾਂ ਉਹ ਮਿਥੀ ਤਰੀਕ 'ਤੇ ਪੇਸ਼ ਕੀਤਾ ਜਾਵੇ।

ਜਸਟਿਸ ਜੈਸ੍ਰੀ ਠਾਕੁਰ ਦੇ ਬੈਂਚ ਨੇ ਇਸ ਅਧਿਕਾਰੀ ਵਿਰੁੱਧ ਜਸਵਿੰਦਰ ਸਿੰਘ ਵੱਲੋਂ ਸੀਨੀਅਰ ਐਡਵੋਕੇਟ ਡੀ ਐੱਸ ਪਟਵਾਲੀਆ ਤੇ ਅਦਿਤਿਆ ਜੀਤ ਸਿੰਘ ਚੱਢਾ ਰਾਹੀਂ ਪੇਸ਼ ਕੀਤੀ ਅਰਜ਼ੀ ਉੱਤੇ ਜਾਰੀ ਕੀਤਾ ਹੈ। ਬੈਂਚ ਨੂੰ ਦੱਸਿਆ ਗਿਆ ਕਿ ਪਟੀਸ਼ਨਰ ਦੀ ਡਿਮੋਸ਼ਨ ਹਾਈ ਕੋਰਟ ਨੇ ਰੋਕੀ ਸੀ, ਪਰ ਇਸ ਹੁਕਮ ਦੀ ਪਾਲਣਾ ਨਹੀਂ ਹੋਈ। ਪੰਜਾਬ ਵਿਧਾਨ ਸਭਾ ਦੀ ਸੈਕਟਰੀ ਅਤੇ ਹੋਰਨਾਂ ਵਿਰੁੱਧ ਹਾਈ ਕੋਰਟ ਵਿੱਚ ਜਸਵਿੰਦਰ ਸਿੰਘ ਦੀ ਇਹ ਪਟੀਸ਼ਨ ਸਰਕਾਰੀ ਕਰਮਚਾਰੀਆਂ ਦੀ ਸੀਨੀਆਰਟੀ ਦੇ ਵਿਵਾਦ ਬਾਰੇ ਮੰਨੀ ਗਈ ਸੀ। ਇਸ ਬਾਰੇ ਡਿਮੋਸ਼ਨ ਉੱਤੇ ਰੋਕ ਲਈ ਪਿਛਲਾ ਫੈਸਲਾ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਗਿਆ ਸੀ, ਪਰ ਅੱਠ ਮਾਰਚ ਨੂੰ ਜਸਵਿੰਦਰ ਸਿੰਘ ਨੂੰ ਪ੍ਰਿੰਸੀਪਲ ਚੀਫ ਰਿਪੋਰਟਰ ਤੋਂ ਹੇਠਾਂ ਚੀਫ ਰਿਪੋਰਟਰ ਬਣਾ ਦਿੱਤਾ ਗਿਆ ਸੀ ਜਿਸ ਵਿਰੁੱਧ ਉਹ ਮੁੜ ਕੇ ਹਾਈ ਕੋਰਟ ਪੁੱਜਾ ਹੈ।

# ਪੰਜਾਬ ਵਿੱਚ ਵਿਰਾਸਤੀ ਯਾਦਗਾਰਾਂ ਅਤੇ ਸਰਕਟ ਹਾਊਸ ਪ੍ਰਾਈਵੇਟ ਹੱਥਾਂ ਵਿੱਚ ਦਿੱਤੇ ਜਾਣ ਲੱਗੇ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਵਿਰਾਸਤੀ ਯਾਦਗਾਰਾਂ ਤੇ ਸਰਕਟ ਹਾਊਸ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਤਿਆਰੀ ਕਰ ਲਈ ਹੈ, ਜਿਸ ਹੇਠ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ, ਚੱਪੜਚਿੜੀ ਦੀ ਸਾਂਭ-ਸੰਭਾਲ ਦਾ ਕੰਮ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਵਜੋਂ ਨਿੱਜੀ ਕੰਪਨੀ ਕੋਲ ਚਲਾ ਜਾਵੇਗਾ। ਏਦਾਂ ਹੀ ਸਰਕਾਰ ਵਿਰਾਸਤੀ ਯਾਦਗਾਰਾਂ ਦਾ ਰੱਖ-ਰਖਾਓ ਕਰਨ ਤੋਂ ਭੱਜਦੀ ਜਾਪਦੀ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਇਹ ਵਿਰਾਸਤੀ ਪ੍ਰਾਜੈਕਟ ਬਣੇ ਸਨ, ਜਿਨ੍ਹਾਂ ਦੀ ਸਾਂਭ-ਸੰਭਾਲ ਵਾਸਤੇ ਸ਼ਰਾਬ ਉੱਤੇ ਸੱਭਿਆਚਾਰਕ ਸੈੱਸ ਵੀ ਲੱਗਾ ਸੀ। ਇਸ ਬਾਰੇ ਪੰਜਾਬ ਦੇ ਚੀਫ ਸੈਕਟਰੀ ਦੀ ਪ੍ਰਧਾਨਗੀ ਹੇਠ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) ਦੀ 12 ਜੂਨ ਦੀ ਕਾਰਜਕਾਰਨੀ ਮੀਟਿੰਗ ਨੇ ਕੁਝ ਫੈਸਲੇ ਲਏ ਹਨ। ਬਾਬਾ ਬੰਦਾ ਸਿੰਘ ਬਹਾਦਰ ਮੈਮੋਰੀਅਲ ਦੀ ਉਸਾਰੀ ਉੱਤੇ 46.02 ਕਰੋੜ ਰੁਪਏ ਖਰਚ ਹੋਏ ਹਨ। ਇਸ ਮੀਟਿੰਗ ਦੇ ਫੈਸਲੇ ਅਨੁਸਾਰ ਇਸ ਵਿਰਾਸਤੀ ਪ੍ਰਾਜੈਕਟ ਦੇ ਸਾਂਭ-ਸੰਭਾਲ ਦਾ ਕੰਮ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਹੇਠ ਨਿੱਜੀ ਕੰਪਨੀ ਨੂੰ ਦੇ ਦਿੱਤਾ ਜਾਵੇਗਾ ਜਿਸ ਵਾਸਤੇ ਟੈਂਡਰ ਜਾਰੀ ਕੀਤੇ ਜਾਣਗੇ।



ਇਸ ਪ੍ਰਾਜੈਕਟ ਵਿੱਚ ਆਡੀਓ-ਵਿਜ਼ੁਅਲ ਤੇ ਲਾਈਟਿੰਗ ਵਗੈਰਾ ਦੀ ਸਾਂਭ-ਸੰਭਾਲ ਢੁਕਵੀਂ ਨਹੀਂ ਹੈ। ਵੱਡਾ ਘੱਲੂਘਾਰਾ ਮੈਮੋਰੀਅਲ ਕੁੱਪ ਰੋਹੀੜਾ ਅਤੇ ਛੋਟਾ ਘੱਲੂਘਾਰਾ ਮੈਮੋਰੀਅਲ ਕਾਹਨੂੰਵਾਨ 'ਤੇ 42 ਕਰੋੜ ਰੁਪਏ ਲਾਗਤ ਆਈ ਸੀ, ਪ੍ਰੰਤੂ ਇਹ ਪ੍ਰਾਜੈਕਟ ਪੀ ਪੀ ਪੀ ਮੋਡ ਦੇ ਯੋਗ ਨਹੀਂ ਬਣ ਸਕੇ। ਇਸੇ ਤਰ੍ਹਾਂ ਬਠਿੰਡਾ, ਜਲੰਧਰ, ਲੁਧਿਆਣਾ ਤੇ ਗੁਰਦਾਸਪੁਰ ਦੇ ਸਰਕਟ ਹਾਊਸਾਂ ਦੀ ਸੰਭਾਲ ਦਾ ਕੰਮ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਹੋਵੇਗਾ।

ਪਟਿਆਲਾ ਵਿਚਲੇ ਕਿਲ੍ਹਾ ਮੁਬਾਰਕ ਵਾਲੀ ਜਗ੍ਹਾ ਨੂੰ ਫੋਰ-ਸਰਾਟ ਵਿਰਾਸਤੀ ਹੋਟਲ ਵਿੱਚ ਬਦਲ ਦਿੱਤਾ ਜਾਣਾ ਹੈ। ਸਰਕਟ ਹਾਊਸ ਅੰਮ੍ਰਿਤਸਰ ਨੂੰ ਪੰਜ ਤਾਰਾ ਦੀ ਥਾਂ ਚਾਰ ਤਾਰਾ ਪ੍ਰਾਜੈਕਟ ਵਜੋਂ ਪੀ ਪੀ ਪੀ ਮੋਡ ਹੇਠ ਬਣਾਇਆ ਜਾਵੇਗਾ। ਕੋਵਿਡ-19 ਕਰਕੇ ਲੇਟ ਹੋਏ ਉਸਾਰੀ ਅਧੀਨ ਪ੍ਰਾਜੈਕਟਾਂ ਨੂੰ ਕੁਝ ਢਿੱਲਾਂ ਦੇਣ ਦਾ ਫੈਸਲਾ ਲਿਆ ਗਿਆ ਹੈ। ਪਾਠਨਕੋਟ-ਡਲਹੌਜ਼ੀ ਰੋਡ 'ਤੇ ਕੌਮਾਂਤਰੀ ਸਟੈਂਡਰਡ ਵਾਲੇ ਸੈਰ-ਸਪਾਟਾ ਕੇਂਦਰ ਨੂੰ ਜੰਗਲਾਤ ਵਿਭਾਗ ਵੱਲੋਂ ਪ੍ਰਵਾਨਗੀ ਮਿਲ ਗਈ ਹੈ। ਪਟਿਆਲਾ ਦੇ ਭੁਪਿੰਦਰ ਰੋਡ 'ਤੇ ਪੀ ਡਬਲਿਊ ਡੀ ਦਾ ਰੈਸਟ ਹਾਊਸ ਵੀ ਵਿਰਾਸਤੀ ਹੋਟਲ ਵਜੋਂ ਵਿਕਸਤ ਕੀਤਾ ਜਾਣਾ ਹੈ। ਇਸ ਬਾਰੇ ਵਿਭਾਗ ਨੂੰ ਅਗਲੀ ਕਾਰਵਾਈ ਲਈ ਹਦਾਇਤ ਕੀਤੀ ਗਈ ਹੈ। ਪੰਜਾਬ ਦੇ ਇੱਕ ਦਰਜਨ ਬੱਸ ਅੱਡਿਆਂ ਦਾ ਏਜੰਡਾ ਵੀ ਇਹੋ ਸੀ। ਮਾਨਸਾ ਬੱਸ ਅੱਡੇ ਲਈ ਢੁੱਕਵੀਂ ਥਾਂ ਦੀ ਪਛਾਣ ਕਰਨੀ ਹੈ। ਟਰਾਂਸਪੋਰਟ ਵਿਭਾਗ ਨੇ ਬਟਾਲਾ ਬੱਸ ਅੱਡੇ ਲਈ ਢੁੱਕਵੀਂ ਥਾਂ ਲੱਭਣੀ ਹੈ।

# ਸਾਬਕਾ ਏ ਡੀ ਜੀ ਪੀ ਦਾ ਥਾਣੇਦਾਰ ਪੁੱਤ ਨੌਕਰੀ ਤੋਂ ਬਰਖਾਸਤ

*** ਔਰਤ ਵੱਲੋਂ ਸੈਕਸ ਸ਼ੋਸ਼ਣ ਦੇ ਦੋ ਕੇਸ ਦਰਜ**

ਪਟਿਆਲਾ, 18 ਜੂਨ (ਪੋਸਟ ਬਿਊਰੋ)- ਪਟਿਆਲਾ ਜ਼ੋਨ ਦੇ ਆਈ ਜੀ ਜਤਿੰਦਰ ਸਿੰਘ ਔਲਖ ਨੇ ਪੁਲਸ ਦੇ ਪ੍ਰੋਬੇਸ਼ਨਰੀ ਸਬ ਇੰਸਪੈਕਟਰ ਆਦਿਤਿਆ ਸ਼ਰਮਾ ਨੂੰ ਅਪਰਾਧਕ ਕਾਰਵਾਈਆਂ 'ਚ ਸ਼ਾਮਲ ਹੋਣ ਕਰ ਕੇ ਨੌਕਰੀ ਤੋਂ ਤੁਰੰਤ ਪ੍ਰਭਾਵ ਨਾਲ ਬਰਖਾਸਤ ਕਰ ਦਿੱਤਾ ਹੈ। ਸਾਬਕਾ ਐਡੀਸ਼ਨਲ ਡੀ ਜੀ ਪੀ ਦੇ ਬੇਟੇ ਆਦਿ-ਤਿਆ ਸ਼ਰਮਾ ਵਿਰੁੱਧ ਇੱਕ ਔਰਤ ਨੇ ਸੈਕਸ ਸ਼ੋਸ਼ਣ ਦੇ ਦੋਸ਼ ਲਾ ਕੇ ਦੋ ਕੇਸ ਦਰਜ ਕਰਵਾਏ ਹਨ।

ਪੁਲਸ ਵਿਭਾਗ ਦੇ ਬੁਲਾਰੇ ਮੁਤਾਬਕ ਇਹ ਥਾਣੇਦਾਰ ਕਈ ਅਪਰਾਧਕ ਕਾਰਵਾਈਆਂ ਵਿੱਚ ਸ਼ਾਮਲ ਸੀ ਤੇ ਆਪਣੇ ਪ੍ਰੋਬੇਸ਼ਨ ਦੇ ਡੇਢ ਸਾਲ ਦੇ ਸਮੇਂ ਦੌਰਾਨ 109 ਦਿਨ ਸਸਪੈਂਡ ਵੀ ਰਿਹਾ ਅਤੇ 65 ਦਿਨ ਡਿਊਟੀ ਤੋਂ ਗੈਰ ਹਾਜ਼ਰ ਰਿਹਾ ਸੀ। ਆਈ ਜੀ ਨੇ ਕਿਹਾ ਹੈ ਕਿ ਆਦਿੱਤਿਆ ਸ਼ਰਮਾ ਨੇ ਐੱਸ ਐੱਸ ਪੀ ਪਟਿਆਲਾ ਵੱਲੋਂ ਜਾਰੀ ਕੀਤੇ ਕਾਰਨ ਦੱਸੋ ਨੋਟਿਸਾਂ ਦਾ ਵੀ ਜਵਾਬ ਨਹੀਂ ਸੀ ਦਿੱਤਾ। ਆਦਿਤਿਆ ਸ਼ਰਮਾ ਵਿਰੁੱਧ ਲੱਗੇ ਦੋਸ਼ਾਂ ਬਾਰੇ ਪੰਜਾਬ ਪੁਲਸ ਦੇ ਬੁਲਾਰੇ ਨੇ ਕਿਹਾ ਕਿ ਉਸ ਵਿਰੁੱਧ ਇੱਕ ਔਰਤ ਨੇ ਸੈਕਸ ਸ਼ੋਸ਼ਣ ਅਤੇ ਕੁੱਟਮਾਰ ਕਰਨ ਦੇ ਦੋਸ਼ ਹੇਠ ਪਹਿਲਾ ਕੇਸ ਥਾਣਾ ਸਦਰ ਹੁਸ਼ਿਆਰਪੁਰ ਵਿਖੇ ਦਰਜ ਕਰਾਇਆ ਸੀ। ਓਦੋਂ ਕਮਾਂਡੈਂਟ ਕਮ ਡਿਪਟੀ ਡਾਇਰੈਕਟਰ (ਪ੍ਰਸ਼ਾਸਨ), ਪੰਜਾਬ ਪੁਲਸ ਅਕੈਡਮੀ, ਫਿਲੌਰ ਨੇ ਅਕੈਡਮੀ ਦੇ ਡਾਇਰੈਕਟਰ ਦੀ ਮਨਜ਼ੂਰੀ ਨਾਲ 23 ਸਤੰਬਰ 2019 ਨੂੰ ਆਦਿਤਿਆ ਦੀ ਮੁੱਢਲੀ ਟਰੇਨਿੰਗ ਮੁਕੰਮਲ ਹੋਣ ਤੋਂ ਬਗੈਰ ਉਸ ਨੂੰ ਪਹਿਲੀ ਯੂਨਿਟ ਵਿੱਚ ਵਾਪਸ ਭੇਜ ਦਿੱਤਾ ਸੀ। ਉਹ ਪੁਲਸ ਅਕੈਡਮੀ ਵਿੱਚੋਂ 18 ਸਤੰਬਰ 2019 ਤੋਂ ਲਗਾਤਾਰ ਗੈਰ ਹਾਜ਼ਰ ਵੀ ਰਿਹਾ ਹੈ। ਬਾਅਦ ਵਿੱਚ ਆਈ ਪੀ ਸੀ ਦੀਆਂ ਧਾਰਾ 376 ਸੀ (ਅਧਿਕਾਰ ਵਿੱਚ ਵਿਅਕਤੀ ਵੱਲੋਂ ਸੈਕਸ) ਅਤੇ 506 ਦਾ ਵਾਧਾ ਕੀਤਾ ਗਿਆ ਸੀ ਅਤੇ ਉਸ ਨੂੰ 15 ਨਵੰਬਰ 2019 ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਉਸ ਦੇ ਵਿਰੁੱਧ ਵਿਭਾਗੀ ਜਾਂਚ ਡੀ ਐਸ ਪੀ (ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧ) ਪਟਿਆਲਾ ਨੂੰ ਸੌਂਪੀ ਗਈ ਸੀ। ਸਸਪੈਂਸ਼ਨ ਅਧੀਨ ਆਦਿੱਤਿਆ ਸ਼ਰਮਾ ਨੂੰ ਲਗਾਤਾਰ ਪਟਿਆਲਾ ਪੁਲਸ ਲਾਈਨ ਵਿਖੇ ਰਿਪੋਰਟ ਕਰਨ ਦੇ ਹੁਕਮ ਹੋਏ ਸਨ। 20 ਫਰਵਰੀ 2020 ਨੂੰ ਆਦਿ-ਤਿਆ ਸ਼ਰਮਾ ਨੇ ਐੱਸ ਐੱਸ ਪੀ ਪਟਿਆਲਾ ਨੂੰ ਦਰਖਾਸਤ ਦਿੱਤੀ ਸੀ ਕਿ ਕੇਸ ਨੰਬਰ 144 ਵਿੱਚ ਸ਼ਿਕਾਇਤ ਕਰਤਾ ਔਰਤ ਨਾਲ ਉਸ ਦਾ ਸਮਝੌਤਾ ਹੋ ਗਿਆ ਹੈ ਤੇ ਉਸ ਨੇ ਸ਼ਿਕਾਇਤ ਕਰਤਾ ਔਰਤ ਨਾਲ ਕਾਨੂੰਨੀ ਵਿਆਹ ਕਰਵਾ ਲਿਆ ਹੈ। ਇਸ ਪਿੱਛੋਂ ਐੱਸ ਐੱਸ ਪੀ ਪਟਿਆਲਾ ਦੀ ਸਿਫਾਰਸ਼ 'ਤੇ ਉਸ ਦੀ ਸਸਪੈਂਸ਼ਨ ਰੱਦ ਕਰ ਦਿੱਤੀ ਸੀ, ਪਰ ਵਿਭਾਗੀ ਜਾਂਚ ਅਤੇ ਅਪਰਾਧਕ ਕਾਰਵਾਈ ਪੈਂਡਿੰਗ ਸੀ। ਫਿਰ ਉਸ ਵਿਰੁੱਧ ਇੱਕ ਸ਼ਿਕਾਇਤ ਨੰਬਰ 91 ਬੀਤੀ ਤਿੰਨ ਜੂਨ ਨੂੰ ਉਸੇ ਔਰਤ ਨੇ, ਜੋ ਅੱਜਕੱਲ੍ਹ ਇਸ ਦੀ ਪਤਨੀ ਹੈ, ਨੇ ਥਾਣਾ ਗੁਰਾਇਆ ਵਿਖੇ ਦਰਜ ਕਰਵਾਈ ਕਿ ਫਰਵਰੀ ਵਿੱਚ ਉਨ੍ਹਾਂ ਦੇ ਵਿਆਹ ਤੋਂ ਬਾਅਦ ਆਦਿਤਿਆ ਸ਼ਰਮਾ ਤਾਲਾਬੰਦੀ ਦੌਰਾਨ ਲਗਾਤਾਰ ਉਸ ਉਪਰ ਸਰੀਰਕ ਤੇ ਮਾਨਸਿਕ ਤਸ਼ੱਦਦ ਕਰਦਾ ਰਿਹਾ ਹੈ। ਉਸ ਨੇ 26 ਅਤੇ 27 ਮਈ ਨੂੰ ਹੋਈ ਘਰੇਲੂ ਹਿੰਸਾ ਤੋਂ ਬਾਅਦ ਪੁਲਸ ਤੱਕ ਪਹੁੰਚ ਕੀਤੀ। ਬੁਲਾਰੇ ਨੇ ਦੱਸਿਆ ਕਿ ਸ਼ਰਮਾ ਪੰਜ ਜੂਨ ਤੋਂ ਮੁੜ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਚੱਲ ਰਿਹਾ ਹੈ ਅਤੇ ਐੱਸ ਐੱਸ ਪੀ ਵੱਲੋਂ ਆਈ ਜੀ ਪਟਿਆਲਾ ਨੂੰ ਇਸ ਸੰਬੰਧੀ ਮੀਮੋ ਦਿੱਤਾ ਗਿਆ ਹੈ।

# ਮੁੱਖ ਮੰਤਰੀ ਕੈ. ਅਮਰਿੰਦਰ ਦੀ ਘੁਰਕੀ ਮਗਰੋਂ ਲੋਕਲ ਬਾਡੀਜ਼ ਵਿਭਾਗ ਨੇ ਹੁਕਮ ਵਾਪਸ ਲਏ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਵਿਭਾਗ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚਾਰਜ ਹੇਠਲੇ ਪੰਜਾਬ ਇਨਵੈਸਟਮੈਂਟ ਬਿਊਰੋ ਨੂੰ ਲਿਖੀ ਚਿੱਠੀ ਕਾਰਣ ਮੁੱਖ ਮੰਤਰੀ ਅਮਰਿੰਦਰ ਸਿੰਘ ਇਸ ਵਿਭਾਗ 'ਤੇ ਭੜਕ ਪਏ। ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਨੇ ਬਿਊਰੋ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਭਵਿੱਖ ਵਿੱਚ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਹੇਠਲੇ ਇਲਾਕਿਆਂ ਵਿੱਚ ਸੀ ਐਲ ਯੂ ਅਤੇ ਬਿਲਡਿੰਗ ਪਲਾਨ ਲੋਕਲ ਬਾਡੀਜ਼ ਵਿਭਾਗ ਵੱਲੋਂ ਹੀ ਪਾਸ ਕੀਤੇ ਜਾਣਗੇ, ਜਦੋਂ ਕਿ ਕੁਝ ਸਮੇਂ ਤੋਂ ਸੀ ਐਲ ਯੂ ਅਤੇ ਬਿਲਡਿੰਗ ਪਲਾਨ ਦੀਆਂ ਫਾਈਲਾਂ ਇਸ ਵਿਭਾਗ ਦੀ ਬਜਾਏ ਬਿਊਰੋ ਵਿੱਚ ਜਾਂਦੀਆਂ ਹਨ ਅਤੇ ਬਿਊਰੋ ਹੀ ਇਨ੍ਹਾਂ ਨੂੰ ਪਾਸ ਕਰਦਾ ਰਿਹਾ ਹੈ।



ਲੋਕਲ ਬਾਡੀਜ਼ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਨੇ ਇਸ ਬਾਰੇ ਬਿਊਰੋ ਨੂੰ ਪੱਤਰ ਲਿਖਿਆ ਸੀ ਕਿ ਸੀ ਐਲ ਯੂ (ਚੇਂਜ ਆਫ ਲੈਂਡ ਯੂਜ਼) ਅਤੇ ਬਿਲਡਿੰਗ ਪਲਾਨ ਸ਼ੁਰੂ ਤੋਂ ਹੀ ਇਹ ਵਿਭਾਗ ਪਾਸ ਕਰਦਾ ਰਿਹਾ ਹੈ। ਬਿਊਰੋ ਵੱਲੋਂ ਸੀ ਐਲ ਯੂ ਅਤੇ ਬਿਲਡਿੰਗ ਪਲਾਨ ਆਪਣੇ ਅਧਿਕਾਰ ਵਿੱਚ ਲੈਣ ਨਾਲ ਵਿਭਾਗ ਕੰਮ ਪ੍ਰਭਾਵਤ ਹੋ ਰਿਹਾ ਹੈ। ਇਸ ਲਈ ਸਭ ਫਾਈਲਾਂ ਲੋਕਲ ਬਾਡੀਜ਼ ਵਿਭਾਗ ਕੋਲ ਭੇਜੀਆਂ ਜਾਣ। ਇਹ ਪੱਤਰ ਜਦੋਂ ਬਿਊਰੋ ਦੀ ਹੈੱਡ ਅਤੇ ਇੰਡਸਟਰੀ ਵਿਭਾਗ ਦੀ ਐਡੀਸ਼ਨਲ ਚੀਫ ਸੈਕਟਰੀ ਕੋਲ ਗਿਆ ਤਾਂ ਉਨ੍ਹਾਂ ਨੇ ਇਹ ਕੇਸ ਮੁੱਖ ਮੰਤਰੀ ਦਫ਼ਤਰ ਨੂੰ ਰੈਫਰ ਕਰ ਦਿੱਤਾ, ਕਿਉਂਕਿ ਬਿਊਰੋ ਮੁੱਖ ਮੰਤਰੀ ਦੇ ਅਧੀਨ ਕੰਮ ਕਰਦਾ ਹੈ। ਜਦੋਂ ਇਹ ਫਾਈਲ ਮੁੱਖ ਮੰਤਰੀ ਕੋਲ ਗਈ ਤਾਂ ਉਨ੍ਹਾਂ ਨੇ ਲੋਕਲ ਬਾਡੀਜ਼ ਵਿਭਾਗ ਨੂੰ ਫਿਟਕਾਰ ਲਾਈ ਕਿ ਵਿਭਾਗ ਨੂੰ ਇੰਨੀ ਸਮਝ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਵਿਭਾਗ ਨੂੰ ਮੁੱਖ ਮੰਤਰੀ ਦੇ ਅਧਿਕਾਰ ਖੇਤਰ ਨੂੰ ਚੈਲਿੰਜ ਨਹੀਂ ਕਰਨਾ ਚਾਹੀਦਾ। ਮੁੱਖ ਮੰਤਰੀ ਦੀ ਲਿਖਤੀ ਫਿਟਕਾਰ ਮਗਰੋਂ ਨੇ ਆਪਣਾ ਹੁਕਮ ਵਾਪਸ ਲੈ ਲਿਆ। ਇਸ ਬਾਰੇ ਲੋਕਲ ਬਾਡੀਜ਼ ਵਿਭਾਗ ਦੇ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਸੁਪਰੀਮ ਹੁੰਦੇ ਹਨ, ਉਨ੍ਹਾਂ ਦੇ ਹੁਕਮਾਂ ਪਿੱਛੋਂ ਵਿਭਾਗ ਨੇ ਆਪਣਾ ਹੁਕਮ ਵਾਪਸ ਲੈ ਲਿਆ ਹੈ। ਇਸ ਤੋਂ ਪਹਿਲਾਂ ਲੁਧਿਆਣਾ ਦੇ ਬੁੱਢਾ ਨਾਲਾ ਟੈਂਡਰ ਦੇ ਮਾਮਲੇ ਵਿੱਚ ਵੀ ਮੁੱਖ ਮੰਤਰੀ ਦਫ਼ਤਰ ਇਸ ਵਿਭਾਗ ਨੂੰ ਝਟਕਾ ਦੇ ਚੁੱਕਾ ਹੈ। ਵਿਭਾਗ ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਲਾਏ ਟੈਂਡਰ ਨੂੰ ਮੁੱਖ ਮੰਤਰੀ ਦਫ਼ਤਰ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਇਹ ਦੋਵੇਂ ਮਾਮਲੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਕਾਫੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

# ਹੈਰੋਇਨ ਦੇ ਨਸ਼ੇ ਦਾ ਆਦੀ ਥਾਣੇਦਾਰ 30 ਗਰਾਮ ਹੈਰੋਇਨ ਸਮੇਤ ਗ੍ਰਿਫਤਾਰ

ਬਠਿੰਡਾ, 18 ਜੂਨ (ਪੋਸਟ ਬਿਊਰੋ)- ਸਪੈਸ਼ਲ ਟਾਸਕ ਫੋਰਸ ਨੇ ਪੁਲਸ ਦੇ ਇੱਕ ਥਾਣੇਦਾਰ ਨੂੰ ਹੈਰੋਇਨ ਦੀ ਤਸਕਰੀ ਕਰਦੇ ਗ੍ਰਿਫਤਾਰ ਕੀਤਾ ਹੈ। ਇਸ ਏ ਐੱਸ ਆਈ ਦੇ ਨਾਲ ਇੱਕ ਕਾਰ ਦਾ ਡਰਾਈਵਰ ਵੀ ਸੀ, ਜਿਹਾਂ ਮੌਕੇ ਤੋਂ ਫਰਾਰ ਹੋਣ ਵਿੱਚ ਸਫਲ ਹੋ ਗਿਆ ਅਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ।

ਡੀ ਐੱਸ ਪੀ, ਐੱਸ ਟੀ ਐੱਫ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਅਬੋਹਰ ਰੋਡ ਬਾਈਪਾਸ ਵਿਖੇ ਨਾਕਾਬੰਦੀ ਦੌਰਾਨ ਇੱਕ ਸਵਿਫਟ ਡਿਜ਼ਾਈਰ ਕਾਰ ਕੈਲਾਸ਼ ਨਗਰ ਤੋਂ ਆਈ ਤਾਂ ਰੋਕੇ ਜਾਣ ਉੱਤੇ ਉਸ ਵਿੱਚੋਂ ਏ ਐੱਸ ਆਈ ਨਿਕਲਿਆ। ਉਸ ਨੇ ਖੁਦ ਨੂੰ ਪੁਲਸ ਅਧਿਕਾਰੀ ਦੱਸ ਕੇ ਜਾਣ ਦੇਣ ਲਈ ਕਿਹਾ, ਪਰ ਟੀਮ ਨੇ ਉਨ੍ਹਾਂ ਨੂੰ ਜਾਣ ਤੋਂ ਰੋਕ ਦਿੱਤਾ ਤਾਂ ਕਾਰ ਚਾਲਕ ਤੇਜ਼ ਰਫਤਾਰ ਗੱਡੀ ਚਲਾ ਕੇ ਭੱਜ ਗਿਆ। ਜਦ ਏ ਐੱਸ ਆਈ ਦੀ ਜਾਂਚ ਕੀਤੀ ਤਾਂ ਉਸ ਦੇ ਕੋਲੋਂ ਕਰੀਬ ਤੀਹ ਗਰਾਮ ਹੈਰੋਇਨ ਬਰਾਮਦ ਹੋਈ।



ਦੋਸ਼ੀ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਹ ਏ ਐਸ ਆਈ ਬੇਅੰਤ ਸਿੰਘ ਹੈ ਅਤੇ ਵਾਰਡ ਨੰਬਰ ਤਿੰਨ ਗਲੀ ਨੰਬਰ 15 ਮਲੋਟ ਵਿੱਚ ਰਹਿੰਦਾ ਹੈ। ਉਸ ਦੀ ਮੌਜੂਦਾ ਤੈਨਾਤੀ ਮੁਕਤਸਰ ਸਾਹਿਬ ਪੁਲਸ ਲਾਈਨ ਵਿੱਚ ਹੈ। ਦੋਸ਼ੀ ਨੇ ਦੱਸਿਆ ਕਿ ਉਸ ਦਾ ਫਰਾਰ ਸਾਥੀ ਰਜਿੰਦਰ ਸਿੰਘ ਕੱਖਾਵਾਲੀ ਜ਼ਿਲਾ ਮੁਕਤਸਰ ਹੈ ਅਤੇ ਦੋਵੇਂ ਹੈਰੋਇਨ ਦਾ ਨਸ਼ਾ ਕਰਨ ਦੇ ਆਦੀ ਸਨ ਤੇ ਵੇਚੇ ਹੋਏ ਨਸ਼ੇ ਨੂੰ ਅੱਗੇ ਵੇਚਣ ਦਾ ਧੰਦਾ ਵੀ ਕਰਦੇ ਸਨ। ਪੁਲਸ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਬਠਿੰਡਾ ਲਿਆਈ ਅਤੇ ਉਸ ਦਾ ਮੈਡੀਕਲ ਕਰਾਇਆ ਜਾ ਰਿਹਾ ਹੈ।

# ਸ਼ਰਾਬ ਕਾਂਡ ਦੀ ਜਾਂਚ ਵਿਚ ਈ ਡੀ ਅਫਸਰ ਨਿਰੰਜਣ ਸਿੰਘ ਨੇ ਪਟਿਆਲਾ ਪੁਲਸ ਤੋਂ ਰਿਕਾਰਡ ਮੰਗਿਆ

ਪਟਿਆਲਾ, 18 ਜੂਨ (ਪੋਸਟ ਬਿਊਰੋ)- ਇਸ ਜ਼ਿਲੇ ਦੇ ਰਾਜਪੁਰਾ ਇਲਾਕੇ ਦੇ ਸ਼ੰਭੂ ਬੈਰੀਅਰ ਨੇੜੇ ਹਜ਼ਾਰਾਂ ਕਰੋੜ ਰੁਪਏ ਦੀ ਨਕਲੀ ਸ਼ਰਾਬ ਦੇ ਕੇਸ ਦੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜਾਂਚ ਸ਼ੁਰੂ ਹੋ ਗਈ ਹੈ। ਈ ਡੀ ਦੇ ਡਿਪਟੀ ਡਾਇਰੈਕਟਰ ਨਿਰੰਜਣ ਸਿੰਘ ਕੱਲ੍ਹ ਸਵੇਰੇ ਐਸ ਐਸ ਪੀ ਦਫ਼ਤਰ ਪਟਿਆਲਾ ਪਹੁੰਚੇ ਤੇ ਪੌਣਾ ਘੰਟਾ ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਮੌਕੇ ਈ ਡੀ ਨੇ ਪਟਿਆਲਾ ਪੁਲਸ ਨੂੰ ਸੁਮੱਚਾ ਰਿਕਾਰਡ ਦੇਣ ਲਈ ਕਿਹਾ, ਪਰ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਰਿਹਾ। ਡਿਪਟੀ ਡਾਇਰੈਕਟਰ ਨਿਰੰਜਣ ਸਿੰਘ ਨੇ ਵੀ ਇਹੀ ਕਿਹਾ ਕਿ ਜਾਂਚ ਸ਼ੁਰੂ ਕਰ ਦਿੱਤੀ ਅਤੇ ਰਿਕਾਰਡ ਮੰਗ ਲਿਆ ਹੈ। ਜਾਂਚ ਤੋਂ ਬਾਅਦ ਹੀ ਇਸ ਬਾਰੇ ਕੁਝ ਕਿਹਾ ਜਾ ਸਕਦਾ ਹੈ। ਈ ਡੀ ਨੇ ਦਰਜ ਹੋਏ ਕੇਸ ਦੀਆਂ ਕਾਪੀਆਂ ਦੇ ਨਾਲ ਇਸ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਜਾਂਚ ਦੇ ਡਰਾਫਟ ਵੀ ਮੰਗੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਨਕਲੀ ਸ਼ਰਾਬ ਵੇਚ ਕੇ ਸਰਕਾਰੀ ਖਜਾਨੇ ਨੂੰ ਚੂਨਾ ਲਾਉਣ ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਅਪਰਾਧੀਆਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਸੇ ਕੀਮਤ 'ਤੇ ਬਖਸ਼ਣਾ ਨਹੀਂ ਚਾਹੁੰਦੇ, ਇਸ ਲਈ ਪਟਿਆਲਾ ਪੁਲਸ ਤੋਂ ਪਹਿਲਾਂ ਜਾਂਚ ਜਾ ਪੂਰਾ ਡਰਾਫਟ ਬਣਵਾ ਲਿਆ ਗਿਆ ਸੀ, ਜਿਸ ਵਿੱਚ ਸਿੱਧੇ ਤੌਰ 'ਤੇ ਇਸ ਕੇਸ ਵਿੱਚ ਸ਼ਾਮਲ ਲੋਕਾਂ ਦੀਆਂ ਕਾਲ ਡਿਟੇਲਜ਼, ਕਿਸ ਦੇ ਤਾਰ ਕਿਸ ਨਾਲ ਕਿਸ ਤਰ੍ਹਾਂ ਜੁੜੇ ਹਨ, ਫੋਨ ਲੋਕੇਸ਼ਨਾਂ ਤੇ ਬੈਂਕ ਖਾਤਿਆਂ ਦੀਆਂ ਟਰਾਂਜੈਕਸ਼ਨਜ਼, ਸਾਲ 2017 ਤੋਂ ਪਹਿਲਾਂ ਦੇ ਖਾਤਿਆਂ ਦੀਆਂ ਟਰਾਂਜੈਕਸ਼ਨਜ਼ ਦੇ ਰਿਕਾਰਡ ਤੇ ਉਸ ਤੋਂ ਬਾਅਦ ਦੇ ਰਿਕਾਰਡ ਤੋਂ ਲੈ ਕੇ ਹਰ ਕਿਸਮ ਦੇ ਡਰਾਫਟ ਬਣਾਏ ਹਨ। ਇਹ ਸਾਰੀ ਜਾਣਕਾਰੀ ਈ ਡੀ ਨੇ ਮੰਗੀ ਹੈ।

# ਸਿਵਲ ਲਾਈਨਜ਼ ਵਿੱਚ ਐੱਸ ਪੀ ਚਾਹਲ ਦੀ ਕੋਠੀ ਦੇ ਕੇਅਰ ਟੇਕਰ ਦੀ ਲਾਸ਼ ਬਾਥਰੂਮ ਵਿੱਚ ਮਿਲੀ

ਜਲੰਧਰ, 18 ਜੂਨ (ਪੋਸਟ ਬਿਊਰੋ)- ਸਿਵਲ ਲਾਈਨਜ਼ ਵਿੱਚ ਰਹਿੰਦੇ ਐੱਸ ਪੀ ਜਸਕੀਰਤ ਸਿੰਘ ਚਾਹਲ ਦੀ ਕੋਠੀ ਦੇ 64 ਸਾਲਾ ਕੇਅਰ ਟੇਕਰ ਅਮਰੀਕ ਸਿੰਘ ਦੀ ਲਾਸ਼ ਬਾਥਰੂਮ ਵਿੱਚ ਮਿਲੀ ਹੈ। ਕੋਠੀ ਬੰਦ ਹੈ ਤੇ ਅਮਰੀਕ ਸਿੰਘ ਕੋਠੀ ਦੇ ਬਾਹਰ ਟੈਂਟ ਲਾ ਕੇ ਰਹਿੰਦੇ ਸਨ ਅਤੇ ਬਾਹਰ ਬਣੇ ਬਾਥਰੂਮ ਦੀ ਵਰਤੋਂ ਕਰਦੇ ਸਨ।


ਮਕਸੂਦਾਂ ਦੇ ਨਿਊ ਰਵੀਦਾਸ ਨਗਰ ਦੇ ਵਸਨੀਕ ਮ੍ਰਿਤਕ ਦੇ ਬੇਟੇ ਨੇ ਕਿਹਾ ਕਿ ਪਿਤਾ ਦੀ ਮੌਤ ਅਚਾਨਕ ਡਿੱਗਣ ਕਾਰਨ ਹੋਈ ਹੈ। ਨਾਮਦੇਵ ਚੌਕ ਦੇ ਨੇੜੇ ਸਿਵਲ ਲਾਈਨਜ਼ ਵਿੱਚ ਐੱਸ ਪੀ ਜਸਕੀਰਤ ਸਿੰਘ ਚਾਹਲ ਦੀ ਕੋਠੀ ਦੇ ਬਾਹਰ ਬਣੇ ਬਾਥਰੂਮ ਵਿੱਚ ਦੁਪਹਿਰ ਕਰੀਬ ਦੋ ਵਜੇ ਲਾਸ਼ ਦੇਖ ਕੇ ਪਬਲਿਕ ਨੇ ਪੁਲਸ ਕੰਟਰੋਲ ਰੂਮ ਵਿੱਚ ਫੋਨ ਕੀਤਾ ਤਾਂ ਐੱਸ ਐੱਚ ਓ ਰਵਿੰਦਰ ਕੁਮਾਰ ਮੌਕੇ 'ਤੇ ਪਹੁੰਚੇ। ਲਾਸ਼ ਐੱਸ ਪੀ ਚਾਹਲ ਦੀ ਕੋਠੀ ਦੇ ਕੇਅਰ ਟੇਕਰ ਅਮਰੀਕ ਸਿੰਘ ਦੀ ਸੀ। ਉਸ ਦੇ 31 ਸਾਲ ਦੇ ਬੇਟੇ ਮਨਦੀਪ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਡਰਾਈਵਰ ਹੈ। ਮਾਂ ਕੁਲਵਿੰਦਰ ਕੌਰ ਦੀ ਮੌਤ ਹੋ ਚੁੱਕੀ ਹੈ। ਭੈਣ ਸੰਦੀਪ ਕੌਰ ਅੰਮ੍ਰਿਤਸਰ ਵਿਆਹੀ ਹੋਈ ਹੈ। ਪਿਤਾ ਅਮਰੀਕ ਸਿੰਘ ਐੱਸ ਪੀ ਜਸਕੀਰਤ ਸਿੰਘ ਦੀ ਪ੍ਰਈਵੇਟ ਗੱਡੀ ਚਲਾਉਂਦੇ ਸਨ। ਉਹ ਇਸ ਸਮੇਂ ਵਿੱਚ ਪਰਵਾਰ ਸਮੇਤ ਚੰਡੀਗੜ੍ਹ ਵਿੱਚ ਰਹਿੰਦੇ ਹਨ। ਪਿਤਾ ਨੂੰ ਕੋਠੀ ਦੀ ਦੇਖਭਾਲ ਦੀ ਜ਼ਿੰਮੇਵਾਰੀ ਸੌਂਪੀ ਸੀ। ਕੋਠੀ ਦੇ ਬਾਹਰ ਟੈਂਟ ਲਾ ਕੇ ਰਹਿੰਦੇ ਸਨ। ਮ੍ਰਿਤਕ ਦੇ ਬੇਟੇ ਨੇ ਕਿਹਾ ਕਿ ਪਿਤਾ ਦੀ ਮੌਤ ਅਚਾਨਕ ਡਿੱਗਣ ਕਾਰਨ ਹੋਈ ਹੈ। ਇਸ ਵਿੱਚ ਕਿਸੇ ਦਾ ਕੋਈ ਦੋਸ਼ ਨਹੀਂ ਹੈ।




ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।


FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।





SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



NEED A LAWYER ??
KAUR LAW OFFICE
Red Seal NOTARY





MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



## ਡਾਕਟਰ ਤੇ ਨਰਸਾਂ ਦੇ ਕੇਸ ਬਾਰੇ ਸੁਪਰੀਮ ਕੋਰਟ ਵੱਲੋਂ ਦਿੱਲੀ ਦੀ ਸਰਕਾਰ ਨੂੰ ਫਿਟਕਾਰ

ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਦੇਸ਼ ਵਿੱਚ ਕੋਰੋਨਾ ਵਾਇਰਸ ਮਹਾਮਾਰੀ ਦੇ ਇਲਾਜ ਵਿੱਚ ਲਾਪਰਵਾਹੀ ਅਤੇ ਇਸ ਬੀਮਾਰੀ ਨਾਲ ਮਰ ਰਹੇ ਲੋਕਾਂ ਦੀਆਂ ਲਾਸ਼ਾਂ ਦੇ ਮਾੜੇ ਪ੍ਰਬੰਧ ਬਾਰੇ ਖੁਦ ਲਏ ਨੋਟਿਸ ਦੇ ਕੇਸ ਵਿੱਚ ਦਿੱਲੀ ਸਰਕਾਰ ਨੂੰ ਕੱਲ੍ਹ ਇੱਕ ਵਾਰ ਫਿਰ ਸਖ਼ਤ ਫਿਟਕਾਰ ਲਾਈ ਹੈ। ਡਾਕਟਰ ਅਤੇ ਨਰਸਾਂ ਕੋਰੋਨਾ ਮਹਾਮਾਰੀ ਨਾਲ ਲੜ ਰਹੇ ਹਨ ਅਤੇ ਸਰਕਾਰ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰਾਉਂਦੀ ਪਈ ਹੈ। ਅਦਾਲਤ ਨੇ ਦਿੱਲੀ ਦੀ ਕੇਜਰੀਵਾਲ ਸਰਕਾਰ ਦੇ ਐਫੀਡਵਿਟ ਨਾ ਮਨਜ਼ੂਰ ਕਰਦੇ ਹੋਏ ਉਸ ਨੂੰ ਐਫੀਡਵਿਟ ਦਾਇਰ ਕਰਨ ਨੂੰ ਕਿਹਾ ਹੈ।

ਅਸਲ ਵਿੱਚ ਦਿੱਲੀ ਸਰਕਾਰ ਨੇ ਆਪਣੇ ਐਫੀਡਵਿਟ ਵਿੱਚ ਕਿਹਾ ਸੀ ਕਿ ਰਾਜਧਾਨੀ ਵਿੱਚ ਸਭ ਕੁਝ ਠੀਕ ਹੈ ਅਤੇ ਸਥਿਤੀ ਬਹੁਤ ਵਧੀਆ ਹੈ। ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਦਿੱਲੀ ਸਰਕਾਰ ਵੱਲੋਂ ਪੇਸ਼ ਐਫੀਡਵਿਟ ਪੜ੍ਹਨ ਤੋਂ ਬਾਅਦ ਨਰਾਜ਼ਗੀ ਜਤਾਈ ਹੈ। ਦਿੱਲੀ ਸਰਕਾਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਟਰ ਜਨਰਲ ਸੰਜੈ ਜੈਨ ਨੇ ਬੈਂਚ ਨੂੰ ਦੱਸਿਆ ਕਿ ਅਸੀਂ ਕੋਰੋਨਾ ਕੇਸਾਂ ਦੀ ਜਾਂਚ ਦੀ ਗਿਣਤੀ ਵਧਾ ਰਹੇ ਹਾਂ ਅਤੇ ਇਲਾਜ ਦੇ ਸਾਰੇ ਕਦਮ ਚੁੱਕ ਰਹੇ ਹਾਂ। ਇਸ ਉੱਤੇ ਜਸਟਿਸ ਭੂਸ਼ਣ ਨੇ ਨਰਾਜ਼ਗੀ ਜਤਾਉਂਦੇ ਹੋਏ ਕਿਹਾ, 'ਡਾਕਟਰ ਅਤੇ ਨਰਸਾਂ ਕੋਵਿਡ-19 ਨਾਲ ਲੜ ਰਹੇ ਹਨ, ਪਰ ਕੇਜਰੀਵਾਲ ਸਰਕਾਰ ਕੇਸ ਦਰਜ ਕਰਨ ਵਿੱਚ ਰੁੱਝੀ ਹੈ। ਜੇ ਤੁਸੀਂ ਫੌਜੀਆਂ ਨਾਲ ਚੰਗਾ ਵਿਹਾਰ ਨਹੀਂ ਕਰੋਗੇ ਤਾਂ ਜੰਗ ਵਿੱਚ ਜਿੱਤ ਕਿਵੇਂ ਹਾਸਲ ਕਰੋਗੇ। ਤੁਸੀਂ ਵੀਡੀਓ ਬਣਾਉਣ ਵਾਲੇ ਡਾਕਟਰ ਨੂੰ ਸਸਪੈਂਡ ਕਰ ਦਿੱਤਾ ਹੈ। ਤੁਸੀਂ ਸੰਦੇਸ਼ ਵਾਹਕ, ਡਾਕਟਰ ਅਤੇ ਹੋਰ ਸਿਹਤ ਕਰਮੀਆਂ ਨੂੰ ਨਿਸ਼ਾਨਾ ਬਣਾ ਰਹੇ ਹੋ।' ਜਸਟਿਸ ਭੂਸ਼ਣ ਨੇ ਕਿਹਾ ਕਿ ਸਰਕਾਰ ਨਿਸ਼ਾਨਾ ਬਣਾਉਣਾ ਬੰਦ ਕਰੇ।

ਜਸਟਿਸ ਐਮ ਆਰ ਸ਼ਾਹ ਨੇ ਇਸ ਜਾਣਕਾਰੀ ਦਾ ਵੀ ਨੋਟਿਸ ਲਿਆ ਕਿ ਕੁਝ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ 4 ਤੋਂ 10 ਦਿਨਾਂ ਬਾਅਦ ਬਿਨਾਂ ਜਾਂਚ ਦੇ ਛੱਡ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਇਸ ਕੇਸ ਵਿੱਚ ਗੁਜਰਾਤ ਦੇ ਅਹਿਮਦਾ-ਬਾਦ ਦੇ ਸਿਵਲ ਹਸਪਤਾਲ ਦਾ ਵੀ ਜ਼ਿਕਰ ਕੀਤਾ। ਐਡੀਸ਼ਨਲ ਸਾਲਿ-ਸਟਰ ਜਨਰਲ ਨੇ ਕੋਰਟ ਨੂੰ ਦੱਸਿਆ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਬਾਅਦ ਇੱਕ ਉਚ ਪੱਧਰੀ ਕਮੇਟੀ ਬਣਾਈ ਗਈ ਹੈ। ਉਨ੍ਹਾਂ ਨੇ ਬੈਂਚ ਨੂੰ ਦੱਸਿਆ ਕਿ ਲੋਕ ਨਾਇਕ ਜੈਪ੍ਰਕਾਸ਼ ਨਾਰਾਇਣ ਹਸਪਤਾਲ ਦਾ ਕੇਂਦਰੀ ਗ੍ਰਹਿ ਮੰਤਰੀ ਨੇ ਦੌਰਾ ਕੀਤਾ ਸੀ ਅਤੇ ਇਸ ਤੋਂ ਬਾਅਦ ਉਥੇ ਸਥਿਤੀ ਵਿੱਚ ਸੁਧਾਰ ਹੋਇਆ ਹੈ।

## ਭਾਰਤ-ਚੀਨ ਦਾ ਟਕਰਾਅ ਨਿਗਰਾਨ ਚੌਕੀ ਸਥਾਪਤ ਕਰਨ 'ਤੇ ਸ਼ੁਰੂ ਹੋਇਆ ਸੀ



ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਪੂਰਬੀ ਲੱਦਾਖ ਦੀ ਗਲਵਾਨ ਘਾਟੀ 'ਚ ਚੀਨੀ ਫੌਜ ਵੱਲੋਂ ਇੱਕ ਤੰਗ ਪਹਾੜੀ 'ਤੇ ਅਸਲ ਕੰਟਰੋਲ ਰੇਖਾ (ਐਲ ਏ ਸੀ) ਦੇ ਭਾਰਤ ਵਾਲੇ ਪਾਸੇ ਇੱਕ ਨਿਗਰਾਨ ਚੌਕੀ ਬਣਾਉਣ 'ਤੇ ਸੋਮਵਾਰ ਸ਼ੁਰੂ ਹੋਏ ਟਕਰਾਅ ਵਿੱਚ ਇੱਕ ਕਰਨਲ ਸਮੇਤ 20 ਭਾਰਤੀ ਫੌਜੀਆਂ ਨੂੰ ਜਾਨ ਗੁਆਉਣੀ ਪਈ ਹੈ।

ਜਾਣਕਾਰੀ ਸੂਤਰਾਂ ਮੁਤਾਬਿਕ ਭਾਰਤੀ ਸੈਨਿਕਾਂ ਨੇ ਮਰਹੂਮ ਕਰਨਲ ਬੀ ਸੰਤੋਸ਼ ਬਾਬੂ ਦੀ ਅਗਵਾਈ 'ਚ ਗਲਵਾਨ ਨਦੀ ਦੇ ਦੱਖਣੀ ਕੰਢਿਆਂ 'ਤੇ ਚੀਨੀ ਸੈਨਿਕਾਂ ਵੱਲੋਂ ਐਲ ਏ ਸੀ ਦੇ ਭਾਰਤ ਵਾਲੇ ਪਾਸੇ ਨਿਗਰਾਨੀ ਚੌਕੀ ਬਣਾਉਣ ਉੱਤੇ ਸਖ਼ਤ ਇਤਰਾਜ਼ ਕਰਦਿਆਂ ਇਸ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਦੋਵਾਂ ਧਿਰਾਂ ਦੇ ਫੌਜੀਆਂ ਦਾ ਟਕਰਾਅ ਦਾ ਕਾਰਨ ਬਣ ਗਿਆ। ਉਥੇ ਮੌਜੂਦ ਚੀਨੀ ਸੈਨਿਕਾਂ ਦਾ ਇੱਕ ਛੋਟਾ ਗਰੁੱਪ ਭਾਰਤੀ ਫੌਜ ਦੀ ਗਸ਼ਤ ਕਰਦੀ ਟੀਮ ਦੇ ਇਤਰਾਜ਼ ਉਤੇ ਗੁੱਸਾ ਵਿਖਾਉਂਦਿਆ ਐਲ ਏ ਸੀ ਦੇ ਚੀਨ ਵਾਲੇ ਪਾਸੇ ਚਲਾ ਗਿਆ, ਪਰ ਕੁਝ ਸਮੇਂ ਬਾਅਦ ਹੋਰ ਚੀਨੀ ਸੈਨਿਕਾਂ ਨਾਲ ਸਾਰੇ ਸਾਜੋ-ਸਾਮਾਨ, ਹਥਿਆਰਾਂ ਅਤੇ ਪੱਥਰਾਂ ਨਾਲ ਲੈਸ ਹੋ ਕੇ ਕੰਡੇਦਾਰ ਛੜੀਆਂ, ਲੋਹੇ ਦੀਆਂ ਰਾਡਾਂ ਨਾਲ ਵਾਪਸ ਆਏ। ਇਧਰ ਕੁਝ ਹੋਰ ਭਾਰਤੀ ਫੌਜੀ ਵੀ ਵਿਵਾਦਤ ਅਸਥਾਈ ਢਾਂਚਾ ਢਾਹੁਣ ਲਈ ਮਦਦ ਕਰਨ ਪੁੱਜ ਗਏ। ਇਸ ਮੌਕ ਚੀਨੀ ਸੈਨਿਕਾਂ ਨੇ ਭਾਰਤੀ ਸੈਨਿਕਾਂ 'ਤੇ ਹਮਲਾ ਬੋਲ ਦਿੱਤਾ ਅਤੇ ਦੋਹਾਂ ਧਿਰਾਂ ਵਿਚਾਲੇ ਕਈ ਘੰਟੇ ਸੰਘਰਸ਼ ਜਾਰੀ ਰਿਹਾ। ਇਸ ਦੌਰਾਨ ਕੁਝ ਭਾਰਤੀ ਅਤੇ ਚੀਨੀ ਸੈਨਿਕ ਗਲਵਾਨ ਨਦੀ 'ਚ ਜਾ ਡਿੱਗੇ ਅਤੇ ਕਰਨਲ ਬਾਬੂ ਤੇ 19 ਭਾਰਤੀ ਸੈਨਿਕ ਮਾਰੇ ਗਏ। ਚੀਨ ਦੇ ਮਾਰੇ ਗਏ ਫੌਜੀਆਂ ਦੀ ਅਸਲ ਗਿਣਤੀ ਪਤਾ ਨਹੀਂ ਲੱਗੀ, ਪਰ ਸਰਕਾਰੀ ਸੂਤਰਾਂ ਨੇ ਅਮਰੀਕੀ ਖੁਫੀਆ ਰਿਪੋਰਟਾਂ ਦੇ ਹਵਾਲੇ ਨਾਲ 35 ਚੀਨੀ ਸੈਨਿਕਾਂ ਦੇ ਮਾਰੇ ਜਾਣ ਜਾਂ ਗੰਭੀਰ ਜ਼ਖ਼ਮੀ ਹੋਣ ਦਾ ਦਾਅਵਾ ਕੀਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਚੀਨ ਨੇ ਕਈ ਭਾਰਤੀਆਂ ਨੂੰ ਬੰਦੀ ਬਣਾਇਆ ਸੀ, ਜਿਨ੍ਹਾਂ ਨੂੰ ਬਾਅਦ 'ਚ ਛੱਡ ਦਿੱਤਾ ਹੈ। ਇਨ੍ਹਾਂ ਸੂਤਰਾਂ ਮੁਤਾਬਿਕ ਛੇ ਜੂਨ ਨੂੰ ਲੇਹ ਅਧਾਰਿਤ 14 ਕਾਰਪਜ਼ ਦੇ ਜੀ ਓ ਸੀ ਲੈਫ ਜਨਰਲ ਹਰਿੰਦਰ ਸਿੰਘ ਅਤੇ ਚੀਨ ਦੇ ਤਿੱਬਤ ਸੈਨਿਕ ਜ਼ਿਲ੍ਹੇ ਦੇ ਕਮਾਂਡਰ ਮੇਜਰ ਜਨਰਲ ਲਿਊ ਲਿਨ ਵਿਚਾਲੇ ਹੋਈ ਬੈਠਕ ਦੌਰਾਨ ਗਲਵਾਨ ਘਾਟੀ ਲਈ ਇੱਕ ਯੋਜਨਾ ਉਲੀਕੀ ਗਈ ਸੀ, ਜਿਸ ਹੇਠ ਦੋਵੇਂ ਧਿਰਾਂ ਮੌਜੂਦਾ ਸਥਿਤੀ ਤੋਂ ਘੱਟੋ-ਘੱਟ 2-2 ਕਿਲੋਮੀਟਰ ਪਿੱਛੇ ਹੱਟਣ ਲਈ ਸਹਿਮਤ ਹੋ ਗਈਆਂ ਸਨ ਅਤੇ ਇਸ 'ਤੇ ਪੜਾਅਵਾਰ ਕਾਰਵਾਈ ਵੀ ਸ਼ੁਰੂ ਹੋ ਗਈ ਸੀ, ਪਰ ਝੜਪ ਹੋ ਗਈ।

## 67 ਕਰੋੜ ਦੇ ਧੋਖਾਧੜੀ ਕੇਸ 'ਚ ਭਾਜਪਾ ਆਗੂ ਸਣੇ ਪੰਜ ਨਾਮਜ਼ਦ

ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਭਾਜਪਾ ਆਗੂ ਮੋਹਿਤ ਕੰਬੋਜ ਤੇ ਚਾਰ ਹੋਰਨਾਂ ਖ਼ਿਲਾਫ਼ ਬੈਂਕ ਆਫ਼ ਇੰਡੀਆ ਤੋਂ 67 ਕਰੋੜ ਰੁਪਏ ਦੇ ਕਰਜ਼ੇ ਸਬੰਧੀ ਮਾਮਲੇ 'ਚ ਅਪਰਾਧਿਕ ਸਾਜ਼ਿਸ਼ ਰਚਣ ਤੇ ਧੋਖਾਧੜੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਜਾਂਚ ਏਜੰਸੀ ਨੇ ਕੇਸ ਵਿੱਚ ਅਵਿਆਨ ਓਵਰਸੀਜ਼ ਪ੍ਰਾਈਵੇਟ ਲਿਮਿਟਡ ਅਤੇ ਕੇ ਬੀ ਜੇ ਹੋਟਲਜ਼ ਗੋਆ ਪ੍ਰਾਈਵੇਟ ਲਿਮਿਟਡ ਦਾ ਨਾਂ ਵੀ ਸ਼ਾਮਲ ਕੀਤਾ ਹੈ।

ਇਸ ਸੰਬੰਧ ਵਿੱਚ ਇੱਕ ਅਧਿਕਾਰੀ ਨੇ ਦੱਸਿਆ ਕਿ ਸੀ ਬੀ ਆਈ ਨੇ ਮੁੰਬਈ ਵਿੱਚ ਪੰਜ ਥਾਵਾਂ 'ਤੇ ਕੰਬੋਜ ਸਣੇ ਸਾਰੇ ਦੋਸ਼ੀਆਂ ਦੇ ਟਿਕਾਣਿਆਂ ਤੇ ਦਫ਼ਤਰਾਂ 'ਤੇ ਛਾਪੇ ਮਾਰੇ ਹਨ। ਸੀ ਬੀ ਆਈ ਦੀ ਰਿਪੋਰਟ ਮੁਤਾਬਕ ਕੰਬੋਜ ਦਾ ਨਾਂ ਸ਼ੱਕੀਆਂ ਅਤੇ ਜਿਤੇਂਦਰ ਗੁਲਸ਼ਨ ਕਪੂਰ, ਨਰੇਸ਼ ਮਦਨਜੀ ਕਪੂਰ (ਮਰ ਚੁੱਕਿਆ), ਸਿਧਾਂਤ ਬਗਲਾ ਤੇ ਇਰਤੇਸ਼ ਮਿਸ਼ਰਾ ਦੇ ਨਾਲ ਮੁਲਜ਼ਮਾਂ ਸੂਚੀ ਵਿੱਚ ਵੀ ਸ਼ਾਮਲ ਹੈ। ਭਾਰਤੀ ਜਨਤਾ ਯੁਵਾ ਮੋਰਚਾ ਦੇ ਮੁੰਬਈ ਦੇ ਪ੍ਰਧਾਨ ਮੋਹਿਤ ਕੰਬੋਜ ਨੇ ਇਸ ਬਾਰੇ ਕਿਹਾ, ਕੰਪਨੀ ਦਾ ਸਾਲ 2018 'ਚ ਬੈਂਕ ਨਾਲ 'ਇੱਕੋ ਵਾਰ ਭੁਗਤਾਨ' ਸਬੰਧੀ ਸਮਝੌਤਾ ਹੋਇਆ ਸੀ ਅਤੇ ਇਸ ਸਮਝੌਤੇ ਹੇਠ ਬੈਂਕ ਨੂੰ 30 ਕਰੋੜ ਰੁਪਏ ਦੇ ਦਿੱਤੇ ਸਨ। ਉਨ੍ਹਾਂ ਕਿਹਾ ਕਿ ਢਾਈ ਸਾਲਾਂ ਬਾਅਦ ਬੈਂਕ ਨੇ ਮੁੜ ਕੇਸ ਦਰਜ ਕਰਵਾਇਆ ਹੈ ਤਾਂ ਇਸ ਦੇ ਪਿੱਛੇ ਕੋਈ ਏਜੰਡਾ ਹੈ। ਇਹ ਨਿੱਜੀ ਦੁਸ਼ਮਣੀ ਦਾ ਮਾਮਲਾ ਵੀ ਹੋ ਸਕਦਾ ਹੈ ਪਰ ਉਹ ਜਾਂਚ ਵਿੱਚ ਸੀ ਬੀ ਆਈ ਨੂੰ ਸਹਿਯੋਗ ਕਰਨਗੇ।

## ਥੱਪੜ ਕਾਂਡ ਵਿੱਚ ਸੋਨਾਲੀ ਫੋਗਾਟ ਗ੍ਰਿਫਤਾਰ

ਹਿਸਾਰ, 18 ਜੂਨ (ਪੋਸਟ ਬਿਊਰੋ)- ਮਹਿਲਾ ਭਾਜਪਾ ਆਗੂ ਸੋਨਾਲੀ ਫੋਗਾਟ ਨੂੰ ਹਰਿਆਣਾ ਪੁਲਸ ਨੇ ਕੱਲ੍ਹ ਗ੍ਰਿਫਤਾਰ ਕਰ ਲਿਆ। ਉਸ ਨੂੰ ਹਿਸਾਰ ਮਾਰਕੀਟ ਕਮੇਟੀ ਦੇ ਸਕੱਤਰ ਸੁਲਤਾਨ ਸਿੰਘ ਨੂੰ ਸ਼ਰੇਆਮ ਥੱਪੜ ਮਾਰਨ ਤੇ ਚੱਪਲਾਂ ਨਾਲ ਕੁੱਟਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੂੰ ਬਾਅਦ 'ਚ ਅਦਾਲਤ ਤੋਂ ਜ਼ਮਾਨਤ ਮਿਲ ਗਈ। ਗ੍ਰਿਫਤਾਰੀ ਤੋਂ ਬਾਅਦ ਸੋਨਾਲੀ ਫੋਗਾਟ ਨੂੰ ਸਿੱਧਾ ਅਦਾਲਤ ਪੇਸ਼ ਕੀਤਾ ਗਿਆ, ਜਿੱਥੇ ਉਸ ਨੂੰ ਜ਼ਮਾਨਤ ਦੇ ਦਿੱਤੀ ਗਈ।



ਵਰਨਣ ਯੋਗ ਹੈ ਕਿ ਦੋ ਦਿਨ ਪਹਿਲਾਂ ਜੀਂਦ 'ਚ ਹੋਈ ਇੱਕ ਬੈਠਕ ਵਿੱਚ ਬੀਨੈਨ ਖਾਪ ਨੇ ਰਾਜ ਸਰਕਾਰ ਨੂੰ ਇੱਕ ਹਫਤੇ 'ਚ ਸੋਨਾਲੀ ਫੋਗਾਟ ਨੂੰ ਗ੍ਰਿਫਤਾਰ ਕਰਨ ਦਾ ਅਲਟੀਮੇਟਮ ਦਿੱਤਾ ਸੀ। ਹਾਲੇ ਦੋ-ਤਿੰਨ ਦਿਨ ਬੀਤੇ ਸਨ ਕਿ ਸੋਨਾਲੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਦਾਲਤ ਵਿੱਚ ਸੋਨਾਲੀ ਫੋਗਾਟ ਵੱਲੋਂ ਦੋ ਵਕੀਲ ਤੇ ਸੁਲਤਾਨ ਸਿੰਘ ਵੱਲੋਂ ਇੱਕ ਵਕੀਲ ਪੇਸ਼ ਹੋਇਆ। ਜ਼ਮਾਨਤ ਪਟੀਸ਼ਨ ਵਿੱਚ ਸੁਲਤਾਨ ਸਿੰਘ ਦੇ ਵਕੀਲ ਨੇ ਕਿਹਾ ਕਿ ਸੋਨਾਲੀ ਨੇ ਸਰਕਾਰੀ ਅਧਿਕਾਰੀ ਦੀ ਕੁੱਟ-ਮਾਰ ਕੀਤੀ ਹੈ, ਇਸ ਲਈ ਇਨ੍ਹਾਂ ਨੂੰ ਜ਼ਮਾਨਤ ਨਾ ਦਿੱਤੀ ਜਾਵੇ। ਸੋਨਾਲੀ ਦੇ ਵਕੀਲਾਂ ਨੇ ਪੱਖ ਰੱਖਿਆ ਕਿ ਉਸ ਨੇ ਆਦਮਪੁਰ ਸੀਟ ਤੋਂ ਚੋਣ ਲੜੀ ਸੀ, ਉਸ ਉਤੇ ਕਿਸੇ ਤਰ੍ਹਾਂ ਦਾ ਅਪਰਾਧਕ ਮਾਮਲਾ ਦਰਜ ਨਹੀਂ ਸੀ। ਇਸ ਮਾਮਲੇ ਵਿੱਚ ਵੀ ਜਾਂਚ ਚੱਲ ਰਹੀ ਹੈ। ਅਦਾਲਤ ਨੇ ਤੀਹ ਹਜ਼ਾਰ ਰੁਪਏ ਦੇ ਮੁਚੱਲਕੇ 'ਤੇ ਸੋਨਾਲੀ ਫੋਗਾਟ ਨੂੰ ਜ਼ਮਾਨਤ ਦੇ ਦਿੱਤੀ।

## ਗੈਂਗਸਟਰ ਪਿਤਾ ਦੇ ਸਾਹਮਣੇ ਬੇਟੇ ਦਾ ਗੋਲੀ ਮਾਰ ਕੇ ਕਤਲ



ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਕੰਝਾਂਵਾਲਾ ਵਿੱਚ ਪਿਤਾ ਦੇ ਸਾਹਮਣੇ ਉਸ ਦੇ ਬੇਟੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਸ ਘਟਨਾ ਦੇ ਸਮੇਂ ਪਿਤਾ ਨੇ ਬੇਟੇ ਨੂੰ ਬਚਾਉਣਾ ਚਾਹਿਆ, ਜਿੱਥੇ ਉਸ ਨਾਲ ਵੀ ਹੱਥੋਪਾਈ ਕਰ ਕੇ ਜ਼ਖਮੀ ਕਰ ਦਿੱਤਾ। ਹੱਤਿਆ ਦੀ ਵਾਰਦਾਤ ਦਾ ਦੋਸ਼ ਘੇਵਰਾ ਪਿੰਡ ਦੇ ਗੈਂਗਸਟਰ ਕਰਮਵੀਰ ਉਰਫ ਕਾਲਾ ਦੇ ਉਪਰ ਹੈ, ਜੋ ਵਾਰਦਾਤ ਦੇ ਬਾਅਦ ਤੋਂ ਆਪਣੇ ਸਾਲੇ ਅਤੇ ਦੂਸਰੇ ਸਾਥੀ ਦੇ ਨਾਲ ਫਰਾਰ ਹੋ ਗਿਆ। ਉਹ ਖਤਰਨਾਕ ਗੈਂਗਸਟਰ ਜਤਿੰਦਰ ਉਰਫ ਗੋਗੀ ਦਾ ਨਜ਼ਦੀਕੀ ਹੈ, ਜਿਸ 'ਤੇ ਦਿੱਲੀ ਹਰਿਆਣਾ ਵਿੱਚ ਕਤਲ, ਕਤਲ ਦੀ ਕੋਸ਼ਿਸ, ਰੰਗਦਾਰੀ ਵਰਗੇ ਮਾਮਲੇ ਦਰਜ ਹਨ। ਮ੍ਰਿਤਕ ਦੀ ਪਛਾਣ ਸੋਮਵੀਰ (37) ਦੇ ਤੌਰ 'ਤੇ ਹੋਈ ਹੈ।

ਪੁਲਸ ਨੇ ਦੱਸਿਆ ਸੋਮਵੀਰ ਆਪਣੇ ਪਰਵਾਰ ਦੇ ਨਾਲ ਘੇਵਰਾ ਪਿੰਡ ਵਿੱਚ ਰਹਿੰਦੇ ਸਨ। ਉਸ ਦੇ ਪਰਵਾਰ ਵਿੱਚ ਪਿਤਾ, ਦਸ ਸਾਲ ਦਾ ਬੇਟਾ ਅਤੇ ਪਤਨੀ ਹਨ। ਪੁਲਸ ਨੂੰ ਸੋਮਵੀਰ ਦੇ ਪਿਤਾ ਰਮੇਸ਼ਵਰ ਨੇ ਦੱਸਿਆ ਕਿ ਉਸ ਦੇ ਦੋ ਬੇਟੇ ਅਤੇ ਇੱਕ ਬੇਟੀ ਹੈ। ਤਿੰਨੇ ਵਿਆਹੇ ਹੋਏ ਹਨ। ਇਨ੍ਹਾਂ ਵਿੱਚ ਅਮਨ ਵੱਡਾ ਤੇ ਸੋਮਵੀਰ ਛੋਟਾ ਸੀ। 14 ਜੂਨ ਰਾਤ ਸੋਮਵੀਰ ਆਪਣੀ ਪਰਚੂਨ ਦੀ ਦੁਕਾਨ ਨੇੜੇ ਗਲੀ ਵਿੱਚ ਮੱਛਰਦਾਨੀ ਲਾ ਕੇ ਸੌਂ ਗਏ। ਰਾਤ ਕਰੀਬ ਗਿਆਰ੍ਹਾਂ ਵਜੇ ਸੋਮਵੀਰ ਦਾ ਦੋ ਨੌਜਵਾਨਾਂ ਨਾਲ ਝਗੜਾ ਹੋ ਗਿਆ। ਇਨ੍ਹਾਂ ਵਿੱਚ ਇੱਕ ਗੁਆਂਢੀ ਕਰਮਵੀਰ ਉਰਫ ਕਾਲਾ ਦਾ ਸਾਲਾ ਸੀ। ਬਹਿਸ ਦੇ ਬਾਅਦ ਦੋਵੇਂ ਨੌਜਵਾਨ ਕਰਮਵੀਰ ਦੇ ਘਰ ਵੱਲ ਚਲੇ ਗਏ। ਝਗੜੇ ਦਾ ਪਤਾ ਲੱਗਣ 'ਤੇ ਰਾਮੇਸ਼ਵਰ ਬੇਟੇ ਸੋਮਵੀਰ ਨੂੰ ਘਰ ਛੱਡਣ ਜਾ ਰਹੇ ਸਨ ਕਿ ਉਸ ਦਾ ਕਤਲ ਕਰ ਦਿੱਤਾ ਗਿਆ।

### ਮਨਜੀਤ ਸਿੰਘ ਜੀ ਕੇ ਨੇ ਕਿਹਾ

## ਸੁਖਬੀਰ ਸਿੰਘ ਬਾਦਲ ਖਾਲਿਸਤਾਨ ਬਾਰੇ ਸਟੈਂਡ ਦੱਸੇ, ਜਥੇਦਾਰ ਨੂੰ ਬੁਲਾਰਾ ਨਾ ਬਣਾਵੇ

ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਦਿੱਲੀ ਦੇ ਅਕਾਲੀ ਆਗੂ ਮਨਜੀਤ ਸਿੰਘ ਜੀ ਕੇ ਅਤੇ ਉਨ੍ਹਾਂ ਦੀ ਜਾਗੋ ਪਾਰਟੀ ਨੇ ਖਾਲਿਸਤਾਨ ਦੇ ਮਸਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੱਲ੍ਹ ਮੀਡੀਆ ਨੂੰ ਜਾਰੀ ਕੀਤੇ ਬਿਆਨ ਰਾਹੀਂ ਦਿੱਤੀ ਸਪੱਸ਼ਟਤਾ ਨੂੰ ਗ਼ੈਰ-ਜ਼ਰੂਰੀ ਦੱਸਿਆ ਹੈ। ਉਨ੍ਹਾ ਬਾਦਲ ਪਰਵਾਰ ਵੱਲੋਂ ਖੁਦ ਚੁੱਪ ਰਹਿ ਕੇ ਆਪਣੇ ਸਿਆਸੀ ਏਜੰਡੇ ਦੀ ਪੂਰਤੀ ਲਈ ਜਥੇਦਾਰ ਨੂੰ ਵਾਰ-ਵਾਰ ਅੱਗੇ ਕਰਨ ਨੂੰ ਵੀ ਗਲਤ ਕਿਹਾ ਹੈ।



ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਜਥੇਦਾਰ ਸਾਹਿਬ ਕੌਮ ਦੀ ਆਵਾਜ਼ ਹਨ, ਉਨ੍ਹਾਂ ਦਾ ਇਸਤੇਮਾਲ ਬਾਦਲ ਪਰਵਾਰ ਨੂੰ ਆਪਣੇ ਪਾਰਟੀ ਬੁਲਾਰੇ ਵਜੋਂ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਤੇ ਅਕਾਲੀ ਦਲ ਦੇ ਵੱਡੇ ਨੇਤਾਵਾਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਖਾਲਿਸਤਾਨ ਦੇ ਸਮਰੱਥਕ ਹਨ ਜਾਂ ਵਿਰੋਧੀ, ਕਿਉਂਕਿ ਜਥੇਦਾਰ ਸਾਹਿਬ ਤਾਂ ਗੁਰਬਾਣੀ ਦੇ ਫਸਫੇ ਅਤੇ ਕੌਮੀ ਦਰਦ ਨੂੰ ਬਿਆਨ ਕਰ ਰਹੇ ਹਨ, ਪਰ ਅਕਾਲੀ ਦਲ ਉਨ੍ਹਾਂ ਦੇ ਬਿਆਨਾਂ 'ਚ ਆਪਣਾ ਫਾਇਦਾ-ਨੁਕਸਾਨ ਸਰਕਾਰੀ ਲਾਭਾ ਦੀ ਟੋਕਰੀ 'ਚ ਤੋਲ ਰਿਹਾ ਹੈ। ਏਸੇ ਲਈ ਇੱਕ ਪਾਸੇ ਅਕਾਲੀ ਦਲ ਕੇਂਦਰ ਸਰਕਾਰ 'ਚ ਹਿੱਸੇਦਾਰ ਹੈ ਅਤੇ ਦੂਜੇ ਪਾਸੇ ਸਿੱਖ ਅਤੇ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਵਾਉਣ ਦੀ ਅਕਾਲੀ ਮੰਤਰੀ ਦੀ ਗੰਭੀਰਤਾ ਸ਼ੱਕੀ ਹੈ। ਮਨਜੀਤ ਸਿੰਘ ਜੀ ਕੇ ਨੇ ਆਪ੍ਰੇਸ਼ਨ ਬਲਿਊ ਸਟਾਰ ਨਾਲ ਸਬੰਧਤ ਵਿਦੇਸ਼ੀ ਸਹਾਇਤਾ ਦੇ ਦਸਤਾਵੇਜ਼ ਬਾਹਰ ਕਢਵਾਉਣ ਲਈ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕਰਦੇ ਹੋਏ ਕੌਮੀ ਮਸਲਿਆਂ 'ਤੇ ਅਕਾਲੀ ਪ੍ਰਤੀਨਿਧੀ ਨੂੰ ਚੌਕਸ ਰਹਿਣ ਦੀ ਨਸੀਹਤ ਵੀ ਦਿੱਤੀ।

ਇੰਗਲੈਂਡ ਤੋਂ ਬਾਅਦ ਇਸਰਾਈਲ ਵੱਲੋਂ ਆਪ੍ਰੇਸ਼ਨ ਬਲਿਊ ਸਟਾਰ ਵਿੱਚ ਭਾਰਤ ਦੀ ਫੌਜ ਨੂੰ ਸਹਿਯੋਗ ਦੇਣ ਦੀ ਜਾਣਕਾਰੀ ਦਿੰਦੇ ਹੋਏ ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਪਿਛਲੇ ਦਿਨੀਂ ਮੀਡੀਆ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਜੂਨ 1984 ਵਿੱਚ ਭਾਰਤੀ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੇ ਸਮੇਂ 6 ਜੂਨ ਨੂੰ ਰਾਤ 10.30 ਵਜੇ ਭਾਰਤੀ ਫੌਜ ਦੀ 56ਵੀਂ ਕਮਾਂਡੋ ਕੰਪਨੀ ਦੇ ਜੋ ਕਮਾਂਡੋ ਦਰਬਾਰ ਸਾਹਿਬ 'ਚ ਦਾਖਲ ਹੋਏ ਸਨ, ਉਨ੍ਹਾਂ ਨੇ 1983 ਵਿੱਚ ਅਜਿਹੇ ਆਪ੍ਰੇਸ਼ਨ ਦੀ ਟ੍ਰੇਨਿੰਗ ਇਸਰਾਈਲ ਦੀ ਖੁਫੀਆ ਏਜੰਸੀ ਮੋਸਾਦ ਤੋਂ ਲਈ ਸੀ। ਇਨ੍ਹਾਂ ਨੂੰ ਉਦੋਂ 'ਸਪੈਸ਼ਲ ਗਰੁੱਪ' ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਪਰ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਰਾਜੀਵ ਗਾਂਧੀ ਨੇ ਇਨ੍ਹਾਂ ਨੂੰ ਗਾਂਧੀ ਪਰਵਾਰ ਦੀ ਸੁਰੱਖਿਆ 'ਚ 'ਸਪੈਸ਼ਲ ਪ੍ਰੋਟਕੈਸ਼ਨ ਗਰੁੱਪ' (ਐਸ ਪੀ ਜੀ) ਬਣਾ ਕੇ ਲਾਇਆ ਸੀ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਇਸ ਤੋਂ ਸਾਫ ਲਗਦਾ ਹੈ ਕਿ ਇੰ-ਦਰਾ ਗਾਂਧੀ ਨੇ ਆਪ੍ਰੇਸ਼ਨ ਬਲਿਊ ਸਟਾਰ ਦੀ ਤਿਆਰੀ 1983 'ਚ ਕਰ ਲਈ ਸੀ, ਜਿਸ ਲਈ ਬਕਾਇਦਾ ਇੰਗਲੈਂਡ ਅਤੇ ਇਸਰਾਈਲ ਤੋਂ ਮਦਦ ਲਈ ਸੀ। ਇਹ ਬਹੁਤ ਵੱਡਾ ਖੁਲਾਸਾ ਹੋਣ ਕਰ ਕੇ ਮੋਦੀ ਸਰਕਾਰ 'ਚ ਬੈਠੀ ਬਾਦਲ ਪਰਵਾਰ ਦੀ ਨੂੰਹ ਨੂੰ ਮੰਤਰੀ ਹੋਣ ਦੇ ਨਾਤੇ ਸਾਰੇ ਦਸਤਾਵੇਜ ਜਨਤਕ ਕਰਨੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਦਸਤਾਵੇਜਾਂ ਤੋਂ ਸਪੱਸ਼ਟ ਹੋ ਜਾਵੇਗਾ ਕਿ ਇੰਦਰਾ ਗਾਂਧੀ ਨੇ ਚੋਣ ਫਾਇਦੇ ਲਈ ਸਿੱਖਾਂ ਦੇ ਪਵਿੱਤਰ ਸਥਾਨ 'ਚ ਬਿਨਾਂ ਲੋੜ ਤੋਂ ਫੌਜ ਦਾ ਇਸਤੇਮਾਲ ਕੀਤਾ ਸੀ।

## ਲਾਕਡਾਊਨ ਪਿੱਛੋਂ ਅਨਲਾਕ ਹੁੰਦੇ ਸਾਰ ਰੁਜ਼ਗਾਰ ਦਰ ਵਧਣ ਲੱਗੀ



ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਭਾਰਤ ਵਿੱਚ ਆਰਥਿਕ ਮੋਰਚੇ 'ਤੇ ਇੱਕ ਹੋਰ ਰਾਹਤ ਦੀ ਖਬਰ ਹੈ। ਵਸਤੂ ਤੇ ਸੇਵਾ ਟੈਕਸ (ਜੀ ਐੱਸ ਟੀ) ਅਤੇ ਐਕਸਪੋਰਟ ਵਿੱਚ ਤੇਜ਼ੀ ਦੇ ਬਾਅਦ ਰੋਜ਼ਗਾਰ ਦਰ ਵਿੱਚ ਵਾਧਾ ਦਿਸਿਆ ਹੈ। 14 ਜੂਨ ਨੂੰ ਖਤਮ ਹੋਏ ਹਫਤੇ ਵਿੱਚ ਰੋਜ਼ਗਾਰ ਦੀ ਦਰ ਸੱਤ ਜੂਨ ਨੂੰ ਖਤਮ ਹੋਏ ਹਫਤੇ ਦੇ ਮੁਕਾਬਲੇ 3.3 ਫੀਸਦੀ ਵਧੀ ਹੈ। 14 ਜੂਨ ਨੂੰ ਖਤਮ ਹੋਏ ਹਫਤੇ ਵਿੱਚ ਰੋਜ਼ਗਾਰ ਦਰ 35.7 ਫੀਸਦੀ ਰਹੀ ਹੈ। ਇਸ ਤੋਂ ਪਹਿਲ ਹਫਤੇ ਵਿੱਚ ਇਹ ਦਰ 32.4 ਫੀਸਦੀ ਸੀ। ਉਂਜ ਇਹ ਪੱਧਰ ਫਰਵਰੀ ਦੇ ਆਖਿਰ ਦੇ 39.5 ਫੀਸਦੀ ਤੋਂ ਕਾਫੀ ਘੱਟ ਹੈ।

ਇਸ ਬਾਰੇ ਸੈਂਟਰ ਫਾਰ ਮਾਨੀਟ੍ਰਿੰਗ ਇੰਡੀਅਨ ਇਕੋਨਾਮੀ (ਸੀ ਐੱਮ ਆਈ ਈ) ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲਾਕਡਾਊਨ ਦੇ ਦੌਰਾਨ ਜਿਨ੍ਹਾਂ ਲੋਕਾਂ ਦੀ ਨੌਕਰੀ ਖੁੱਸ ਗਈ ਸੀ, ਹੌਲੀ-ਹੌਲੀ ਉਨ੍ਹਾਂ ਨੂੰ ਨੌਕਰੀ ਮਿਲ ਰਹੀ ਹੈ, ਪਰ ਬੇਰੋਜ਼ਗਾਰੀ ਦੀ ਦਰ ਕਾਫੀ ਵੱਧ ਹੈ। ਫਿਰ ਵੀ 25 ਮਾਰਚ ਨੂੰ ਲਾਕਡਾਊਨ ਦੇ ਬਾਅਦ ਵਾਲੀ ਬੇਰੋਜ਼ਗਾਰੀ ਦਰ ਦੇ ਮੁਕਾਬਲੇ ਸਥਿਤੀ ਵਿੱਚ ਕਾਫੀ ਸੁਧਾਰ ਹੋਇਆ ਹੈ। ਲਾਕਡਾਊਨ ਦੇ ਬਾਅਦ ਵਾਲੇ ਹਫਤੇ ਵਿੱਚ ਰੋਜ਼ਗਾਰ ਦਰ ਵਿੱਚ 10 ਫੀਸਦੀ ਗਿਰਾਵਟ ਦਰਜ ਕੀਤੀ ਗਈ ਸੀ। 29 ਮਾਰਚ ਨੂੰ ਰੋਜ਼ਗਾਰ ਦਰ 29 ਫੀਸਦੀ ਸੀ, ਜੋ 19 ਅਪ੍ਰੈਲ ਨੂੰ ਖਤਮ ਹੋਏ ਹਫਤੇ ਦੇ ਦੌਰਾਨ 26.1 ਫੀਸਦੀ ਹੋ ਗਈ ਸੀ। ਸੀ ਐੱਮ ਆਈ ਈ ਦੀ ਰਿਪੋਰਟ ਦੇ ਮੁਤਾਬਕ ਸ਼ਹਿਰੀ ਇਲਾਕੇ ਦੇ ਮੁਕਾਬਲੇ ਪੇਂਡੂ ਇਲਾਕਿਆਂ ਵਿੱਚ ਰੋਜ਼ਗਾਰ ਦੀ ਰਿਕਵਰੀ ਚੰਗੀ ਹੈ। ਰਿਪੋਰਟ ਮੁਤਾਬਕ ਬੀਤੀ ਇੱਕ ਜੂਨ ਤੋਂ ਪੜਾਅਬੱਧ ਤਰੀਕੇ ਨਾਲ ਸਰਕਾਰ ਅਰਥਵਿਵਸਥਾ ਖੋਲ੍ਹ ਰਹੀ ਹੈ, ਜਿਸ ਦਾ ਅਸਰ ਆਉਣ ਵਾਲੇ ਹਫਤੇ ਵਿੱਚ ਦਿਸੇਗਾ।

## ਸੁਸ਼ਾਂਤ ਦੇ ਗ਼ਮ ਵਿੱਚ 10ਵੀਂ ਦੀ ਵਿਦਿਆਰਥਣ ਵੱਲੋਂ ਖੁਦਕੁਸ਼ੀ

ਪਟਨਾ, 18 ਜੂਨ (ਪੋਸਟ ਬਿਊਰੋ)- ਬਾਲੀਵੁੱਡ ਸਟਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਬਾਅਦ ਇਥੋਂ ਦੀ 10ਵੀਂ ਦੀ ਵਿਦਿਆਰਥਣ ਇਸ਼ਿਕਾ ਕੁਮਾਰੀ ਦੋ ਦਿਨਾਂ ਤੋਂ ਡਿਪਰੈਸ਼ਨ ਵਿੱਚ ਚਲੀ ਗਈ। ਸੋਮਵਾਰ 17 ਸਾਲ ਦੀ ਇਸ਼ਿਕਾ ਨੇ ਸਾਰਾ ਦਿਨ ਸੁਸ਼ਾਂਤ ਦੇ ਸੁਸਾਈਡ ਤੋਂ ਲੈ ਕੇ ਅੰਤਿਮ ਸਸਕਾਰ ਤੱਕ ਦੀ ਸਟੋਰੀ ਮੋਬਾਈਲ ਅਤੇ ਟੀ ਵੀ ਉੱਤੇ ਦੇਖੀ। ਉਸ ਨੇ ਪਸੰਦੀਦਾ ਅਭਿਨੇਤਾ ਸੁਸ਼ਾਂਤ ਦੀ ਫਿਲਮ ਵੀ ਦੇਖੀ। ਸੋਮਵਾਰ ਰਾਤ ਮਾਂ ਗੌਰੀ ਛੱਤ 'ਤੇ ਟਹਿਲਣ ਗਈ ਸੀ। ਰਾਤ 10.50 ਵਜੇ ਜਦ ਮਾਂ ਹੇਠਾਂ ਆਈ ਤਾਂ ਦੇਖਿਆ ਕਿ ਉਸ ਦੀ ਸਾੜ੍ਹੀ ਨਾਲ ਇਸ਼ਿਕਾ ਪੱਖੇ ਨਾਲ ਝੂਲ ਰਹੀ ਸੀ। ਕਾਹਲੀ ਵਿੱਚ ਉਸ ਨੰ ਲੈ ਕੇ ਹਸਪਤਾਲ ਪਹੁੰਚੀ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।



ਇਸ਼ਿਕਾ ਨੇ ਇਸੇ ਸਾਲ ਸੀ ਬੀ ਐੱਸ ਈ 10ਵੀਂ ਦੀ ਪ੍ਰੀਖਿਆ ਦਿੱਤੀ ਹੈ। ਉਸ ਦੀ ਮਾਂ ਨੇ ਦੱਸਿਆ ਕਿ ਮੈਂ ਉਸ ਨੂੰ ਸੁਸ਼ਾਂਤ ਦੀ ਸੁਸਾਈਡ ਸਟੋਰੀ ਮੋਬਾਈਲ ਅਤੇ ਟੀ ਵੀ 'ਤੇ ਦੇਖਣ ਤੋਂ ਮਨ੍ਹਾ ਕੀਤਾ ਅਤੇ ਕਈ ਵਾਰ ਸਮਝਾਇਆ ਸੀ, ਪਰ ਉਹ ਦੇਖਦੀ ਰਹੀ।

ਏਸੇ ਤਰ੍ਹਾਂ ਉਤਰ ਪ੍ਰਦੇਸ਼ ਦੇ ਬਰੇਲੀ ਵਿੱਚ 10ਵੀਂ ਦੇ ਵਿਦਿਆਰਥੀ ਨੇ ਖੁਦਕੁਸ਼ੀ ਕਰ ਲਈ ਹੈ। ਉਸ ਨੇ ਇਸ ਦੇ ਪਹਿਲਾਂ ਛੱਡੀ ਚਿੱਠੀ ਵਿੱਚ ਲਿਖਿਆ ਹੈ, 'ਜਦ ਸੁਸ਼ਾਂਤ ਖੁਦਕੁਸ਼ੀ ਕਰ ਸਕਦਾ ਹੈ ਤਾਂ ਮੈਂ ਕਿਉਂ ਨਹੀਂ?' ਉਸ ਨੇ ਇਹ ਵੀ ਲਿਖਿਆ ਹੈ ਕਿ ਉਸ ਵਿੱਚ ਕਿੰਨਰ ਵਾਲੇ ਲੱਛਣ ਸਨ। ਲੋਕ ਉਸ ਦਾ ਮਜ਼ਾਕ ਉਡਾਉਂਦੇ ਸਨ।

## 155 ਭਾਰਤੀ ਕੰਪਨੀਆਂ ਦੇ ਅਮਰੀਕਾ ਵਿੱਚ 22 ਬਿਲੀਅਨ ਡਾਲਰ ਦੇ ਨਿਵੇਸ਼ ਨਾਲ 1.25 ਲੱਖ ਨੌਕਰੀਆਂ

ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ 155 ਭਾਰਤੀ ਕੰਪਨੀਆਂ ਨੇ 22 ਬਿਲੀਅਨ ਡਾਲਰ ਨਿਵੇਸ਼ ਕਰ ਰੱਖਿਆ ਹੈ। ਇਸ ਨਾਲ ਅਮਰੀਕਾ ਵਿੱਚ 1.25 ਲੱਖ ਨੌਕਰੀਆਂ ਪੈਦਾ ਹੋਈਆਂ ਹਨ।

ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ (ਸੀ ਆਈ ਆਈ) ਵੱਲੋਂ ਜਾਰੀ ਇੱਕ ਰਿਪੋਰਟ ਵਿੱਚ ਇਹ ਗੱਲ ਕਹੀ ਗਈ ਹੈ। ਇੰਡੀਅਨ ਰੂਟਸ, ਅਮਰੀਕਨ ਸੋਇਲ 2020 ਨਾਂ ਨਾਲ ਜਾਰੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਸਰਵੇ 'ਚ ਸ਼ਾਮਲ 155 ਭਾਰਤੀ ਕੰਪਨੀਆਂ ਵਾਸ਼ਿੰਗਟਨ, ਡੀ ਸੀ ਅਤੇ ਪਿਊਰਟੋ ਰਿਕੋ ਸਮੇਤ ਅਮਰੀਕਾ ਦੇ ਸਾਰੇ 50 ਰਾਜਾਂ 'ਚ ਕਾਰੋਬਾਰ ਕਰਦੀਆਂ ਹਨ। ਟੈਕਸਾਸ, ਕੈਲੀਫੋਰਨੀਆ, ਨਿਊ ਜਰਸੀ, ਨਿਊਯਾਰਕ ਤੇ ਫਲੋਰੀਡਾ ਇਨ੍ਹਾਂ ਭਾਰਤੀ ਕੰਪਨੀਆਂ ਲਈ ਘਰ ਵਰਗੇ ਹਨ, ਜਿੱਥੋਂ ਵੱਡੀ ਗਿਣਤੀ 'ਚ ਕਰਮਚਾਰੀ ਇਨ੍ਹਾਂ 'ਚ ਕੰਮ ਕਰਦੇ ਹਨ। ਅਮਰੀਕੀ ਸੀਨੇਟਰ ਜਾਨ ਕੋਰਨਿਨ ਦਾ ਕਹਿਣਾ ਹੈ ਕਿ ਭਾਰਤੀ-ਅਮਰੀਕੀਆਂ ਨੇ ਅਮਰੀਕਾ ਦੇ ਕਲਚਰ, ਇਕਾਨਮੀ ਅਤੇ ਵਿ-ਗਿਆਨਕਤਾ 'ਚ ਵੱਡਾ ਯੋਗਦਾਨ ਦਿੱਤਾ ਹੈ। ਅਸੀਂ ਉਨ੍ਹਾਂ ਦੀ ਸਖ਼ਤ ਮਿਹਨਤ ਤੇ ਇਨੋਵੇਸ਼ਨ ਦਾ ਸਨਮਾਨ ਕਰਦੇ ਹਾਂ, ਇਸ ਲਈ ਤੁਸੀਂ ਇਹ ਕੰਮ ਕਰਦੇ ਰਹੋ। ਸੀ ਆਈ ਆਈ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤੀ ਕੰਪਨੀਆਂ ਨੇ ਟੈਕਸਾਸ, ਨਿਊਜਰਸੀ, ਨਿਊਯਾਰਕ, ਫਲੋਰੀਡਾ ਅਤੇ ਮੈਸਾਚੁਏਟਸ 'ਚ ਸਭ ਤੋਂ ਵੱਧ ਪ੍ਰਤੱਖ ਵਿਦੇਸ਼ੀ ਨਿਵੇਸ਼ (ਐਫ ਡੀ ਆਈ) ਕੀਤਾ ਹੈ।

ਇਸ ਸਰਵੇ ਵਿੱਚ ਸ਼ਾਮਲ ਭਾਰਤੀ ਕੰਪਨੀਆਂ ਨੇ ਅਮਰੀਕਾ 'ਚ ਕਾਰ-ਪੋਰੇਟ ਸੋਸ਼ਲ ਰਿਸਪਸੀਬਿਲਿਟੀ (ਸੀ ਐਸ ਆਰ) ਅਤੇ ਰਿਸਰਚ ਐਂਡ ਡਿਵੈਲਪਮੈਂਟ 'ਤੇ ਕੀਤੇ ਖਰਚ ਦੀ ਜਾਣਕਾਰੀ ਦਿੱਤੀ ਹੈ। ਇਸ ਮੁਤਾਬਕ ਭਾਰਤੀ ਕੰਪਨੀਆਂ ਨੇ ਅਮਰੀਕਾ ਵਿੱਚ ਸੀ ਐਸ ਆਰ 'ਤੇ 175 ਮਿਲੀਅਨ ਡਾਲਰ ਅਤੇ ਰਿਸਰਚ ਐਂਡ ਡਿਵੈਲਪਮੈਂਟ 'ਤੇ 900 ਮਿਲੀਅਨ ਡਾਲਰ ਖਰਚ ਕੀਤੇ ਹਨ। ਅਮਰੀਕਾ 'ਚ ਭਾਰਤੀ ਰਾਜਦੂਤ ਤਰਣਜੀਤ ਸਿੰਘ ਸੰਧੂ ਮੁਤਾਬਕ ਭਾਰਤੀ ਕੰਪਨੀਆਂ ਨੇ ਸੀ ਐਸ ਆਰ ਤਹਿਤ ਵਿਦਿਆਰਥੀਆਂ ਦੀ, ਵਿਸ਼ੇਸ਼ ਸਕਿੱਲ ਐਂਡ ਟਰੇਨਿੰਗ ਵਰਗੇ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਹੈ।

# ਉੱਤਰੀ ਕੋਰੀਆ ਦੱਖਣੀ ਕੋਰੀਆ ਨਾਲ ਚਲਦੇ ਸਹਿਯੋਗ ਕੇਂਦਰ ਬੰਦ ਕਰੇਗਾ

ਸਿਓਲ, 18 ਜੂਨ (ਪੋਸਟ ਬਿਊਰੋ)- ਉੱਤਰੀ ਕੋਰੀਆ ਨੇ ਕਿਹਾ ਹੈ ਕਿ ਉਹ ਦੱਖਣੀ ਕੋਰੀਆ ਨਾਲ ਚੱਲ ਰਹੇ ਸਹਿਯੋਗ ਕੇਂਦਰਾਂ ਨੂੰ ਬੰਦ ਕਰੇਗਾ ਤੇ ਉਸ ਨਾਲ ਲੱਗਦੀ ਸਰਹੱਦ 'ਤੇ ਫੌਜ ਤੈਨਾਤ ਕਰੇਗਾ ਅਤੇ ਸਰਹੱਦ 'ਤੇ ਨਿਗਰਾਨੀ ਚੌਂਕੀਆਂ ਬਹਾਲ ਕਰੇਗਾ ਤੇ ਮੂਹਰਲੇ ਮੋਰਚਿਆਂ 'ਤੇ ਫੌਜੀ ਅਭਿਆਸ ਵੀ ਕਰੇਗਾ।



ਦੋ ਸਾਲ ਪਹਿਲਾਂ ਦੱਖਣੀ ਕੋਰੀਆ ਨਾਲ ਸੰਬੰਧਾਂ ਵਿੱਚ ਸੁਧਾਰ ਤੋਂ ਬਾਅਦ ਉੱਤਰੀ ਕੋਰੀਆ ਨੇ ਇਸ ਸਰਹੱਦ 'ਤੇ ਫੌਜੀਆਂ ਦੀ ਤੈਨਾਤੀ ਕਾਫੀ ਘੱਟ ਕਰ ਦਿੱਤੀ ਸੀ ਤੇ ਨਿਗਰਾਨੀ ਚੌਂਕੀਆਂ ਵੀ ਹਟਾ ਲਈਆਂ ਸਨ। ਮਾਹਰਾਂ ਦਾ ਮੰਨਣਾ ਹੈ ਕਿ ਐਟਮੀ ਹਥਿਆਰਾਂ 'ਤੇ ਗੱਲਬਾਤ ਤੋਂ ਪਹਿਲਾਂ ਉੱਤਰੀ ਕੋਰੀਆ ਸੋਚੀ-ਸਮਝੀ ਰਣਨੀਤੀ ਤਹਿਤ ਦੱਖਣੀ ਕੋਰੀਆ ਤੇ ਅਮਰੀਕਾ 'ਤੇ ਦਬਾਅ ਵਧਾ ਰਿਹਾ ਹੈ। ਮੰਗਲਵਾਰ ਉੱਤਰੀ ਕੋਰੀਆ ਨੇ ਆਪਣੇ ਇਲਾਕੇ ਵਿੱਚ ਬਣੇ ਇੰਟਰ ਕੋਰੀਅਨ ਲਾਇਜ਼ਨ ਆਫਿਸ ਦੀ ਖਾਲੀ ਇਮਾਰਤ ਢਾਹ ਦਿੱਤੀ। ਇਸ ਆਫਿਸ ਤੋਂ ਦੋਵਾਂ ਦੇਸ਼ਾਂ ਵਿਚਕਾਰ ਸਰਹੱਦ ਦੇ ਮਾਮਲਿਆਂ ਵਿੱਚ ਤਾਲਮੇਲ ਬਣਾਇਆ ਜਾਂਦਾ ਸੀ।

ਉੱਤਰੀ ਕੋਰੀਆ ਨੇ ਕਿਹਾ ਹੈ ਕਿ ਉਹ ਸਰਹੱਦ 'ਤੇ ਫੌਜੀ ਅਭਿਆਸ ਵਧਾਏਗਾ ਤੇ ਉਥੇ ਫੌਜ ਨੂੰ ਕਾਰਵਾਈ ਲਈ ਹਮੇਸ਼ਾ ਤਿਆਰ ਰਹਿਣ ਦੀ ਸਥਿਤੀ ਵਿੱਚ ਲਿਆਵੇਗਾ। ਇਸ ਦੇ ਨਾਲ ਉੱਤਰੀ ਕੋਰੀਆ ਨੇ ਦੱਖਣੀ ਵੱਲ ਜਾਣ ਵਾਲੀ ਹਵਾ ਨਾਲ ਕੁਝ ਗੈਸ ਭਰੇ ਗੁਬਾਰੇ ਵੀ ਉਡਾਏ ਜਿਨ੍ਹਾਂ ਵਿੱਚ ਕਈ ਤਰ੍ਹਾਂ ਦੇ ਸੰਦੇਸ਼ ਲਿਖੇ ਹੋਏ ਹਨ। ਇਸ ਤਰ੍ਹਾਂ ਉੱਤਰੀ ਕੋਰੀਆ ਸਤੰਬਰ 2018 ਵਿੱਚ ਦੱਖਣੀ ਕੋਰੀਆ ਨਾਲ ਹੋਏ ਕਈ ਸਮਝੌਤਿਆਂ ਤੋਂ ਪਿੱਛੇ ਹਟ ਗਿਆ ਹੈ ਜਿਨ੍ਹਾਂ ਕਾਰਨ ਦੋਵਾਂ ਦੇਸ਼ਾਂ ਦੀ ਸਰਹੱਦ 'ਤੇ ਫੌਜੀ ਇਕੱਠ ਅਤੇ ਤਣਾਅ ਘੱਟ ਹੋਇਆ ਹੈ।

# ਅਮਰੀਕੀ ਖੁਫੀਆ ਏਜੰਸੀ ਆਪਣਾ ਹੈਕਿੰਗ ਟੂਲ ਨਹੀਂ ਬਚਾ ਪਾਈ, ਡਾਟਾ ਚੋਰੀ

ਵਾਸ਼ਿੰਗਟਨ, 18 ਜੂਨ (ਪੋਸਟ ਬਿਊਰੋ)- ਹੈਕਿੰਗ ਦੇ ਨਵੇਂ ਤਰੀਕੇ ਅਤੇ ਸਾਈਬਰ ਹਥਿਆਰ ਬਣਾਉਣ ਵਾਲੀ ਅਮਰੀਕਾ ਦੀ ਖੁਫੀਆ ਏਜੰਸੀ ਸੀ ਆਈ ਏ ਆਪਣੇ ਸੀਕ੍ਰੇਟ ਹੈਕਿੰਗ ਟੂਲ ਨੂੰ ਨਹੀਂ ਬਚਾ ਪਈ, ਜਿਸ ਨਾਲ ਉਸ ਦੀ ਸਾਖ ਨੂੰ ਦਾਗ ਲੱਗ ਗਿਆ ਹੈ ਤੇ ਉਸ ਦਾ ਡਾਟਾ ਵੀ ਚੋਰੀ ਹੋ ਗਿਆ ਜਿਸ ਦਾ ਉਸ ਨੂੰ ਪਤਾ ਤੱਕ ਨਹੀਂ ਲੱਗਾ। ਇਸ ਨੂੰ ਖੁਫੀਆ ਏਜੰਸੀ ਦੀ ਇਤਿਹਾਸਕ ਡਾਟਾ ਚੋਰੀ ਕਰਨ ਦੀ ਘਟਨਾ ਕਰਾਰ ਦਿੱਤਾ ਗਿਆ ਹੈ।



ਇਸ ਮਾਮਲੇ ਤੋਂ ਬਾਅਦ ਤਿਆਰ ਕੀਤੀ ਗਈ ਅੰਦਰੂਨੀ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ। ਸੀ ਆਈ ਏ ਦੇ ਹੈਕਿੰਗ ਦੇ ਤਰੀਕਿਆਂ ਦੀ ਚੋਰੀ ਦੇ ਸਬੰਧ 'ਚ ਸਬੂਤ ਇਸ ਸਾਲ ਅਦਾਲਤ 'ਚ ਪੇਸ਼ ਕੀਤੇ ਗਏ ਸਨ, ਜਿਸ ਤੋਂ ਬਾਅਦ ਸੀਨੇਟ ਖੁਫੀਆ ਸੰਮਤੀ ਦੇ ਸੀਨੀਅਰ ਮੈਂਬਰ ਅਤੇ ਸੀਨੇਟਰ ਰਾਨ ਵਾਇਡਨ ਨੇ ਨਿਆਂ ਵਿਭਾਗ ਤੋਂ ਹਾਸਲ ਕੀਤਾ। ਉਨ੍ਹਾਂ ਨੇ ਕੱਲ੍ਹ ਨਵੇਂ ਖੁਫੀਆ ਡਾਇਰੈਕਟਰਸ ਜਾਨ ਰੇਟਕਲਿਕ ਨੂੰ ਲਿਖੇ ਪੱਤਰ ਨਾਲ ਇਸ ਰਿਪੋਰਟ ਜਾਰੀ ਕਰਦੇ ਹੋਏ ਉਨ੍ਹਾਂ ਤੋਂ ਸਵਾਲ ਪੁੱਛਿਆ ਹੈ ਕਿ ਫੈਡਰਲ ਖੁਫੀਆ ਏਜੰਸੀ ਕੋਲ ਰਾਸ਼ਟਰ ਦੀਆਂ ਜਿਹੜੀਆਂ ਖੁਫੀਆ ਜਾਣਕਾਰੀਆਂ ਹਨ, ਉਹ ਉਸਦੀ ਸੁਰੱਖਿਆ ਲਈ ਕੀ ਕਰ ਰਹੀ ਹੈ।

# ਚੀਨ ਆਪਣੇ ਦੇਸ਼ ਤੋਂ ਬਾਹਰ ਵੀ ਉਈਗਰ ਧਾਰਮਿਕ ਨੇਤਾਵਾਂ ਨੂੰ ਨਿਸ਼ਾਨਾ ਬਣਾ ਰਿਹੈ

ਵਾਸ਼ਿੰਗਟਨ, 18 ਜੂਨ (ਪੋਸਟ ਬਿਊਰੋ)- ਚੀਨ ਆਪਣੇ ਦੇਸ਼ ਤੋਂ ਬਾਹਰ ਵੀ ਉਈਗਰ ਧਾਰਮਿਕ ਨੇਤਾਵਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਹ ਵਿਦੇਸ਼ਾਂ 'ਚ ਵਸੇ ਉਈਗਰ ਮੁਸਲਿਮਾਂ ਨੂੰ ਧਮਕੀ ਦਿੰਦਾ ਹੈ ਕਿ ਜੇ ਉਨ੍ਹਾਂ ਨੇ ਸ਼ੋਸ਼ਣ ਦੀ ਗੱਲ ਚੁੱਕੀ ਤਾਂ ਚੀਨੀ ਖੇਤਰ 'ਚ ਵਸੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਨੁਕਸਾਨ ਪਹੁੰਚਾਏਗਾ। ਸ਼ਿਨਜਿਯਾਂਗ ਦੀ ਖੁਦਮੁਖਤਿਆਰ ਸਰਕਾਰ ਨਾਲ ਜੁੜੇ ਕੁਝ ਦਸਤਾਵੇਜ਼ਾਂ ਦੇ ਲੋਕ ਹੋਣ ਨਾਲ ਇਹ ਜਾਣਕਾਰੀ ਸਾਹਮਣੇ ਆਈ ਹੈ। ਵਾਇਸ ਆਫ ਅਮਰੀਕਾ ਦੀ ਇੱਕ ਰਿਪੋਰਟ ਮੁਤਾਬਕ ਠਾਰਵੇ ਵਿੱਚ 'ਉਈਗਰ ਹੈਲਪ ਸੰਗਠਨ' ਨੇ ਦੱਸਿਆ ਕਿ 2016 ਤੋਂ ਬਾਅਦ ਚੀਨੀ ਅਧਿਕਾਰੀਆਂ ਨੇ ਘੱਟੋ ਘੱਟ 518 ਉਈਗਰ ਧਾਰਮਿਕ ਨੇਤਾਵਾਂ ਅਤੇ ਇਮਾਮਾਂ ਨੂੰ ਹਿਰਾਸਤ 'ਚ ਲਿਆ ਹੈ। ਸੰਗਠਨ ਨੇ ਕਿਹਾ ਕਿ ਇਮਾਮ, ਜੋ ਪਹਿਲਾਂ ਚੀਨ ਵੱਲੋਂ ਸਿਖਿਅਤ ਅਤੇ ਕੰਮ ਕਰਦੇ ਸਨ, ਨੂੰ ਲੰਬੀ ਜੇਲ ਦੀ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਵਿੱਚੋਂ ਕੁਝ ਦੀ ਹਿਰਾਸਤ ਕੈਂਪਾਂ ਵਿੱਚ ਮੌਤ ਵੀ ਹੋ ਗਈ।

ਸਾਊਦੀ ਅਰਬ ਦੇ ਮੱਕਾ 'ਚ ਰਹਿੰਦੀ ਹਾਜ਼ੀਨੀਮ ਅਬਦੁਲ ਕਰੀਮ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਅਬਦੁਲ ਕਰੀਮ ਮੇਮੇਟ 2017 ਵਿੱਚ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਫੜੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਦੱਖਣੀ ਸ਼ਿਨਜਿਯਾਂਗ ਦੇ ਕਾਸ਼ਗਰ ਸ਼ਹਿਰ ਦੇ ਯੇਂਗਿਸਾਰ ਕਾਊਂਟੀ 'ਚ ਇੱਕ ਮਸਜਿਦ 'ਚ ਨਮਾਜ਼ ਪੜ੍ਹਾਉਣ ਲਈ ਰੱਖਿਆ ਗਿਆ ਸੀ। ਉਨ੍ਹਾਂ ਦੇ ਪਰਵਾਰ ਨੇ ਚੀਨ ਸਰਕਾਰ ਦੇ ਇਸ ਦੋਸ਼ ਨੂੰ ਰੱਦ ਕੀਤਾ ਹੈ ਕਿ ਉਹ ਉਈਗਰਾਂ ਨਾਲ ਕੱਟੜਤਾ ਫੈਲਾ ਰਹੇ ਸਨ। ਇਸ ਬਾਰੇ ਹਾਜ਼ੀਨੀਮ ਨੇ ਦੱਸਿਆ ਕਿ ਮੇਰੇ ਪਿਤਾ ਇੱਕ ਸ਼ਾਂਤੀਪੂਰਨ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਧਾਰਮਿਕ ਵਿਅਕਤੀ ਹਨ ਅਤੇ 2016 ਦੇ ਅਖੀਰ ਤੱਕ ਉਨ੍ਹਾਂ ਦੇ ਪਿਤਾ ਨੂੰ ਚੀਨ ਸਰਕਾਰ ਵੱਲੋਂ ਤਨਖ਼ਾਹ ਦਿੱਤੀ ਜਾਂਦੀ ਰਹੀ ਹੈ।

# ਈਰਾਨ ਦੇ ਮੌਲਵੀ ਦੀ ਸਰਕਾਰ ਨੂੰ ਸਲਾਹ, ਛੜਿਆਂ ਕੋਲੋਂ ਟੈਕਸ ਵਸੂਲਿਆ ਜਾਏ

ਤਹਿਰਾਨ, 18 ਜੂਨ (ਪੋਸਟ ਬਿਊਰੋ)- ਈਰਾਨ ਵਿੱਚ ਘਟਦੀ ਜਨਮ ਦਰ ਵੇਖ ਕੇ ਮੌਲਵੀ ਮੁਹੰਮਦ ਇਦਰੀਸੀ ਨੇ ਕੱਲ੍ਹ ਪਾਰਲੀਮੈਂਟ ਅਤੇ ਪ੍ਰਸ਼ਾਸਨ ਨੂੰ ਅਨੋਖੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ, ਵਿਆਹ ਨਾ ਕਰਨ ਵਾਲਿਆਂ 'ਤੇ ਟੈਕਸ ਲਾਉਣਾ ਚਾਹੀਦਾ ਹੈ। ਜਿਨ੍ਹਾਂ ਦਾ ਵਿਆਹ 28 ਸਾਲ ਦੀ ਉਮਰ ਤੱਕ ਨਹੀਂ ਹੁੰਦਾ, ਉਨ੍ਹਾਂ ਤੋਂ ਇੱਕ ਜੋੜੇ ਦੇ ਵਿਆਹ 'ਤੇ ਹੋਣ ਵਾਲੇ ਖਰਚ ਜਿੰਨਾ ਟੈਕਸ ਵਸੂਲਿਆ ਜਾਏ ਅਤੇ ਅਣਵਿਆਹਿਆਂ ਨੂੰ ਉੱਚ ਪ੍ਰਬੰਧਕੀ ਅਹੁਦਿਆਂ ਜਾਂ ਯੂਨੀਵਰਸਿਟੀਆਂ ਵਿੱਚ ਪੜ੍ਹਾਉਣ ਵਰਗੀ ਮਹੱਤਵ ਪੂਰਨ ਭੂਮਿਕਾ ਵੀ ਨਹੀਂ ਦੇਣੀ ਚਾਹੀਦੀ। ਉਨ੍ਹਾਂ ਦੀ ਸਲਾਹ ਦਾ ਮਕਸਦ ਫੌਜ ਵਿੱਚ ਜਵਾਨਾਂ ਦੀ ਗਿਣਤੀ ਵਧਾਉਣਾ ਹੈ ਤਾਂ ਕਿ ਦੇਸ਼ ਮਜ਼ਬੂਤ ਹੋਵੇ। ਅਸਲ ਵਿੱਚ ਮੌਲਵੀ ਇਦਰੀਸੀ ਦੀ ਇਸ ਸਲਾਹ ਨੇ ਈਰਾਨ ਦੇ ਨੌਜਵਾਨਾਂ ਨੂੰ ਮਜ਼ੇਦਾਰ ਬਹਿਸ ਲਈ ਮੁੱਦਾ ਦੇ ਦਿੱਤਾ ਹੈ। ਟਵਿੱਟਰ 'ਤੇ ਬਾਕਾਇਦਾ ਕੰਪਲਸਰੀ ਮੈਰਿਜ ਹੈਸ਼ਟੈਗ ਦੇ ਨਾਲ ਲੋਕ ਪ੍ਰਤੀਕਿਰਿਆ ਦੇ ਰਹੇ ਹਨ। ਇੱਕ ਯੂਜ਼ਰ ਨੇ ਵਿਆਹ ਲਈ 28 ਸਾਲ ਉਮਰ ਲਾਜ਼ਮੀ 'ਤੇ ਕਿਹਾ, ਜੇ ਇਸ ਨੂੰ ਲਾਗੂ ਕੀਤਾ ਜਾਏ ਤਾਂ ਮੈਂ ਸਭ ਤੋਂ ਪਹਿਲਾਂ ਇੱਕ ਕਾਰ ਜਾਂ ਇੱਕ ਘਰ ਦੇ ਪੁਰਸਕਾਰ ਦਾ ਹੱਕਦਾਰ ਹਾਂ, ਕਿਉਂਕਿ ਮੈਂ 18 ਸਾਲ ਵਿੱਚ ਹੀ ਵਿਆਹ ਕਰ ਲਿਆ ਹੈ। ਕੀ ਮੈਨੂੰ ਇਸ ਦਾ ਕੋਈ ਲਾਭ ਮਿਲੇਗਾ? ਇੱਕ ਯੂਜਰ ਨੇ ਕਿਹਾ, ਮੈਂ ਵਿਆਹ ਦੀ ਉਮਰ ਬਾਰੇ ਨਹੀਂ, ਬਲਕਿ ਇਸ ਗੱਲ 'ਤੇ ਚਿੰਤਤ ਹਾਂ ਕਿ ਪਾਰਲੀਮੈਂਟ ਵਿੱਚ ਅਗਲਾ ਬਿਲ ਇਹ ਪੇਸ਼ ਨਾ ਕਰ ਦਿੱਤਾ ਜਾਏ ਕਿ ਤੀਹ ਸਾਲ ਤੋਂ ਪਹਿਲਾਂ ਇੱਕ ਬੱਚਾ ਜ਼ਰੂਰੀ ਹੋਵੇ। ਇੱਕ ਯੂਜ਼ਰ ਨੇ ਕਿਹਾ, ਮੈਂ ਵਿਆਹ ਤੋਂ ਸਿਰਫ ਇੱਕ ਸਾਲ, ਇੱਕ ਮਹੀਨੇ ਅਤੇ ਬਾਰ੍ਹਾਂ ਦਿਨ ਪਿੱਛੇ ਹਾਂ।

ਈਰਾਨ ਵਿੱਚ ਲੜਕੀਆਂ ਤੇ ਲੜਕਿਆਂ ਲਈ ਵਿਆਹ ਦੀ ਉਮਰ 18 ਅਤੇ 29 ਸਾਲ ਹੈ, ਪਰ ਉਨ੍ਹਾਂ ਨੂੰ 13 ਅਤੇ 15 ਸਾਲ ਵਿੱਚ ਹੀ ਵਿਆਹ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਹੈ। ਵਿਗੜਦੇ ਆਰਥਿਕ ਹਾਲਾਤ ਅਤੇ ਬੇਰੋਜ਼ਗਾਰੀ ਦੇ ਕਾਰਨ ਇਥੇ ਵਿਆਹ ਦੀ ਔਸਤ ਉਮਰ ਵਧ ਗਈ ਹੈ। ਦੇਸ਼ ਵਿੱਚ ਪੁਰਸ਼ ਔਸਤਨ 28.1 ਸਾਲ ਦੀ ਉਮਰ ਵਿੱਚ ਵਿਆਹ ਕਰ ਰਹੇ ਹਨ ਅਤੇ ਔਰਤਾਂ ਔਸਤਨ 23.4 ਸਾਲ ਵਿੱਚ ਵਿਆਹ ਕਰ ਰਹੀਆਂ ਹਨ। ਈਰਾਨ ਦੇ ਸਰਬ ਉਚ ਨੇਤਾ ਅਯਾਤੁੱਲ੍ਹਾ ਅਲੀ ਖੁਮੇਨੀ ਚਾਹੁੰਦੇ ਹਨ ਕਿ ਦੇਸ਼ ਦੀ ਆਬਾਦੀ 2050 ਤੱਕ 8.18 ਕਰੋੜ ਤੋਂ ਦੁੱਗਣੀ ਹੋ ਜਾਏ। ਇਸ ਲਈ ਸਰਕਾਰ ਨੇ ਕੁਆਰਿਆਂ ਦੇ ਲਈ ਮੈਟਰੀਮੋਨੀਅਲ ਸਾਈਟ ਸ਼ੁਰੂ ਕਰਨ ਵਰਗੇ ਕਈ ਕਦਮ ਚੁੱਕੇ ਹਨ।

# ਕੋਰੋਨਾ ਟੀਕੇ ਬਾਰੇ ਇੰਪੀਰੀਅਲ ਕਾਲਜ ਲੰਡਨ ਨੂੰ ਨਵੀਂ ਸਫਲਤਾ



ਲੰਡਨ, 18 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਇਲਾਜ ਅਤੇ ਇਸ ਦੀ ਰੋਕਥਾਮ ਲਈ ਉਪਾਅ ਲੱਭਣ ਵਿੱਚ ਵਿਸ਼ਵ ਭਰ ਦੇ ਸਾਇੰਸਦਾਨ ਰੁੱਝੇ ਹੋਏ ਹਨ। ਇੰਪੀਰੀਅਲ ਕਾਲਜ ਲੰਡਨ ਦੇ ਵਿਗਿਆਨੀਆਂ ਨੇ ਇਸ ਦਾ ਪ੍ਰਭਾਵਸ਼ਾਲੀ ਟੀਕਾ ਬਣਾਇਆ ਹੈ, ਜਿਸ ਦਾ ਜਾਨਵਰਾਂ 'ਤੇ ਤਜਰਬਾ ਸਫ਼ਲ ਰਿਹਾ ਹੈ। ਇਹ ਟੀਕਾ ਅਗਲੇ ਪੜਾਅ ਲਈ ਇਸ ਹਫ਼ਤੇ 18 ਤੋਂ 70 ਸਾਲ ਦੀ ਉਮਰ ਦੇ 300 ਲੋਕਾਂ ਨੂੰ ਲਾਇਆ ਜਾਵੇਗਾ, ਜਿਨ੍ਹਾਂ ਨੂੰ ਦੋ ਡੋਜ਼ ਦਿੱਤੀਆਂ ਜਾਣਗੀਆਂ, ਜੇ ਇਮਊਨ ਸਿਸਟਮ 'ਤੇ ਇਸ ਦਾ ਅਸਰ ਹੋਇਆ ਤਾਂ 6000 ਲੋਕਾਂ ਨੂੰ ਅੱਗੋਂ ਹੋਰ ਟੀਕਾ ਲਾਇਆ ਜਾਵੇਗਾ। ਪਤਾ ਲੱਗਾ ਹੈ ਕਿ ਇਹ ਟੀਕਾ ਲਾਗ ਦੀ ਬਿਮਾਰੀ ਤੋਂ ਬਚਾਉਂਦਾ ਹੈ, ਜਿਸ ਕਰਕੇ ਇਹ ਸਿਹਤਮੰਦ ਲੋਕਾਂ ਦੇ ਹੀ ਲਾਇਆ ਜਾਵੇਗਾ। ਇੰਪੀਰੀਅਲ ਕਾਲਜ ਲੰਡਨ ਦੇ ਵੈਕਸੀਨ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਰੌਬਿਨ ਸ਼ਾਟੌਕ ਨੇ ਕਿਹਾ ਹੈ ਕਿ ਜਾਨਵਰਾਂ 'ਤੇ ਇਸ ਦਾ ਪ੍ਰਯੋਗ ਸਫ਼ਲ ਵਿਖਾਈ ਦਿੱਤਾ ਹੈ। ਯੂ ਕੇ ਸਰਕਾਰ ਨੇ ਉਕਤ ਖੋਜ ਲਈ 41 ਮਿਲੀਅਨ ਪੌਂਡ ਦੇ ਫੰਡ ਦਿੱਤੇ ਹਨ, ਪਰ ਪੰਜ ਮਿਲੀਅਨ ਪੌਂਡ ਹੋਰ ਦਾਨ ਦਿੱਤਾ ਹੈ। ਵਰਨਣ ਯੋਗ ਹੈ ਕਿ ਆਕਸਫੋਰਡ ਯੂਨੀਵਰਸਿਟੀ ਵੱਲੋਂ ਜਿਹੜਾ ਮਨੁੱਖੀ ਪ੍ਰਯੋਗ ਕੀਤਾ ਜਾ ਰਿਹਾ, ਇਹ ਪ੍ਰਯੋਗ ਉਸ ਤੋਂ ਵੱਖਰਾ ਹੈ।




REQUEST FOR PROPOSAL (RFP)

PEEL DISTRICT SCHOOL BOARD
5650 Hurontario Street
Mississauga, Ontario, L5R 1C6

RFPMC20-4494

For the Services of an Integrity Commissioner

CLOSING DATE: Monday, July 6, 2020 @ 3:00 p.m.

This RFP is now available for electronic download from the Bonfire portal at

https://peelsb.bonfirehub.ca/

and from the Biddingo portal at

www.biddingo.com

Detailed submission instructions can be found in the Bonfire portal.

*Proposals must be submitted in the BONFIRE portal (as outlined in the RFP) on or before the Submission Deadline. Proposals submitted after the Submission Deadline will be rejected.*

peel District School Board

www.peelschools.org

# ਲੰਬੀ ਦੌੜ ਦੇ ਦੌੜਾਕ ਅਮਨ ਪਿਰਾਨੀ ਦੀ ਯਾਦ 'ਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਲਗਾਈ 10 ਕਿਲੋਮੀਟਰ ਦੌੜ ਤੇ ਵਾਕ









ਬਰੈਂਪਟਨ/ਰੈੱਕਸਡੇਲ, (ਡਾ. ਝੰਡ) - ਪ੍ਰਾਪਤ ਸੂਚਨਾ ਅਨੁਸਾਰ ਲੰਘੇ ਐਤਵਾਰ 14 ਜੂਨ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ.ਕਲੱਬ) ਦੇ ਮੈਂਬਰਾਂ ਵੱਲੋਂ 24 ਮਈ ਨੂੰ ਹੋਏ ਇਕ ਭਿਆਨਕ ਕਾਰ ਹਾਦਸੇ ਵਿਚ ਸਦਾ ਲਈ ਵਿਛੜ ਗਏ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਂਊਡੇਸ਼ਨ ਦੇ ਸਰਗਰਮ ਮੈਂਬਰ 29 ਸਾਲਾ ਅਮਨ ਪਿਰਾਨੀ ਦੀ ਯਾਦ ਵਿਚ 10 ਕਿਲੋਮੀਟਰ ਰੱਨ-ਕਮ-ਵਾਕ ਵੱਕ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਮੌਕੇ ਕਲੱਬ ਦੇ ਤਿੰਨ ਦਰਜਨ ਤੋਂ ਵਧੀਕ ਮੈਂਬਰਾਂ ਨੇ ਆਪੋ-ਆਪਣੀ ਸਹੂਲਤ ਅਨੁਸਾਰ ਵੱਖ-ਵੱਖ ਥਾਵਾਂ 'ਤੇ ਸਵੇਰੇ 8.00 ਵਜੇ ਤੋਂ 9.30 ਵਜੇ ਤੀਕ 10 ਕਿਲੋਮੀਟਰ ਦੌੜ ਕੇ ਅਤੇ ਪੈਦਲ ਮਾਰਚ ਕਰਕੇ ਅਮਨ ਪਿਰਾਨੀ ਦੀ ਵਿੱਛੜੀ ਆਤਮਾ ਨੂੰ ਭਾਵਪੂਰਤ ਸ਼ਰਧਾਂਜਲੀ ਅਰਪਣ ਕੀਤੀ। ਇੱਥੇ ਇਹ ਵਰਨਣਯੋਗ ਹੈ ਕਿ ਅਮਨ ਪਿਰਾਨੀ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਹਰ ਸਾਲ ਕਰਵਾਈ, 'ਇੰਸਪੀਰੇਸ਼ਨਲ ਸਟੈੱਪਸ' ਅਤੇ ਹੋਰ ਈਵੈਂਟਸ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਸੀ ਅਤੇ 1999 ਵਿਚ ਉਸਨੇ ਡਿਕਸੀ ਗੁਰੂਘਰ ਤੋਂ ਸ਼ੁਰੂ ਹੋ ਕੇ ਔਟਵਾ ਤੱਕ ਦੌੜਨ ਵਾਲੇ 300 ਮੈਂਬਰਾਂ ਦੇ ਵੱਡੇ ਗਰੁੱਪ ਵਿਚ ਆਪਣੀ ਸ਼ਮੂਲੀਅਤ ਕੀਤੀ ਸੀ। ਇਸ ਗਰੁੱਪ ਨੇ ਇਹ ਲੰਮੀ ਦੌੜ ਪੰਜ ਵੱਖ-ਵੱਖ ਪੜਾਵਾਂ ਵਿਚ ਵੱਖ-ਵੱਖ ਥਾਵਾਂ 'ਤੇ ਰਾਤਾਂ ਗੁਜ਼ਾਰ ਕੇ ਇਕ ਹਫ਼ਤੇ ਵਿਚ ਪੂਰੀ ਕੀਤੀ ਸੀ।

ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਕਈ ਥਾਵਾਂ 'ਤੇ ਇਕੱਲੇ-ਇਕੱਲੇ ਜਾਂ 2-3 ਜਣੇ ਮਿਲ ਕੇ ਦੌੜੇ, ਜਦ ਕਿ ਇਸ ਦੇ 10 ਮੈਂਬਰਾਂ ਦਾ ਇਕ ਗਰੁੱਪ ਈਟੋਬੀਕੋ ਏਰੀਏ ਵਿਚ ਵੈਸਟਮੋਰ ਡਰਾਈਵ ਤੇ ਕੈਰੀਅਰ ਡਰਾਈਵ ਸਥਿਤ ਗੁਰਦੁਆਰਾ ਸਾਹਿਬ ਸਿੱਖ ਸਪਿਰਿਚੂਅਲ ਸੈਂਟਰ ਜੋ ਰੈਕਸਡੇਲ ਗੁਰੂਘਰ ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ, ਦੇ ਪਾਰਕਿੰਗ-ਏਰੀਏ ਵਿਚ ਸਵੇਰੇ 7.45 ਵਜੇ ਇਕੱਤਰ ਹੋਇਆ। ਉੱਥੋਂ ਸਵੇਰੇ 8.00 ਵਜੇ ਉਨ੍ਹਾਂ ਨੇ ਇਹ 10 ਕਿਲੋਮੀਟਰ ਦੌੜ ਆਰੰਭ ਕੀਤੀ ਅਤੇ ਗੁਰਦੁਆਰਾ ਸਾਹਿਬ ਦੀ ਵਿਸ਼ਾਲ ਪਾਰਕਿੰਗ, ਜੋ ਇਨ੍ਹੀ ਦਿਨੀਂ ਕਰੋਨਾ ਦੇ ਚੱਲ ਰਹੇ ਪ੍ਰਕੋਪ ਕਾਰਨ ਸਵੇਰ ਸਮੇਂ ਬਿਲਕੁਲ ਖਾਲੀ ਸੀ, ਦੇ ਦੋ ਚੱਕਰ ਲਗਾ ਕੇ ਕੈਰੀਅਰ ਡਰਾਈਵ ਤੇ ਐਲਬੀਅਨ ਰੋਡ ਤੋਂ ਹੁੰਦੇ ਹੋਏ ਉਹ ਫਿੰਚ ਸਟਰੀਟ ਵੱਲ ਚਲੇ ਗਏ। ਉੱਥੋਂ ਖੱਬੇ ਹੱਥ ਹੋ ਕੇ ਉਹ ਹਾਈਵੇਅ-27 ਤੋਂ ਹੁੰਦੇ ਹੋਏ ਸਾਢੇ ਨੌਂ ਵਜੇ ਦੇ ਕਰੀਬ ਵਾਪਸ ਰੈਕਸਡੇਲ ਗੁਰੂਘਰ ਦੀ ਪਾਰਕਿੰਗ ਵਿਚ ਆ ਗਏ। ਇੱਥੇ ਆ ਕੇ ਉਨ੍ਹਾਂ ਨੇ ਕਲੱਬ ਦੇ ਸਰਗ਼ਰਮ ਮੈਂਬਰ ਸੰਜੂ ਗੁਪਤਾ ਵੱਲੋਂ ਟਿਮ ਹੌਰਟਿਨ ਤੋਂ ਲਿਆਂਦਾ ਹੋਇਆ ਬਰੇਕ-ਫ਼ਾਸਟ ਇਕ ਦੂਸਰੇ ਤੋਂ ਇਨ੍ਹੀਂ ਦਿਨੀਂ ਲੋੜੀਂਦੀ ਦੂਰੀ ਬਣਾ ਕੇ ਕੀਤਾ ਅਤੇ ਚਾਹ-ਕੌਫ਼ੀ ਪੀਤੀ।

ਇਸ ਈਵੈਂਟ ਦੇ ਦੌਰਾਨ ਕਰੋਨਾ ਦੇ ਪ੍ਰਭਾਵ ਨੂੰ ਮੁੱਖ ਰੱਖਦਿਆਂ ਹੋਇਆਂ ਸਾਰੇ ਮੈਂਬਰਾਂ ਨੇ ਮਾਸਕ ਪਾਏ ਹੋਏ ਸਨ ਅਤੇ ਵਾਕਿੰਗ ਡਰਾਈਵ ਵਿਚ ਇਕ ਲਾਈਨ ਵਿਚ ਦੌੜਦਿਆਂ ਹੋਇਆਂ ਵੀ ਉਨ੍ਹਾਂ ਨੇ ਆਪਸ ਵਿਚ 2 ਮੀਟਰ ਦਾ ਫ਼ਾਸਲਾ ਬਾਕਾਇਦਾ ਬਣਾਈ ਰੱਖਿਆ। ਸਾਰੀ ਦੁਨੀਆਂ ਵਿਚ ਕਰੋਨਾ ਮਹਾਂਮਾਰੀ ਦੇ ਚੱਲ ਰਹੇ ਅਜੋਕੇ ਹਾਲਾਤ ਦੇ ਮੱਦੇਨਜ਼ਰ ਮਾਰਚ 2020 ਤੋਂ ਬਾਅਦ ਕਲੱਬ ਦੇ ਮੈਂਬਰਾਂ ਦਾ ਇੰਜ ਛੋਟੇ-ਛੋਟੇ ਗਰੁੱਪਾਂ ਵਿਚ ਇੱਕੋ ਸਮੇਂ ਵੱਖ-ਵੱਖ ਥਾਵਾਂ ਤੋਂ ਦੌੜਨ ਦਾ ਆਪਣੀ ਕਿਸਮ ਦਾ ਪਹਿਲਾ ਤਜਰਬਾ ਸੀ। ਇਸ ਤੋਂ ਪਹਿਲਾਂ ਉਹ ਕਿਸੇ ਇਕ ਜਗ੍ਹਾ ਇਕੱਠੇ ਹੋ ਕੇ ਕਿਸੇ ਨਾ ਕਿਸੇ ਟਰੇਲ 'ਤੇ ਗਰੁੱਪ ਦੀ ਸ਼ਕਲ ਵਿਚ ਦੌੜਿਆ ਕਰਦੇ ਸਨ। ਦੌੜ ਤੇ ਵਾੱਕ ਦੇ ਇਸ ਈਵੈਂਟ ਦੀ ਰੂਪ-ਰੇਖਾ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਸਕੱਤਰ ਜੈਪਾਲ ਸਿੱਧੂ ਤੇ ਸਰਗ਼ਰਮ ਮੈਂਬਰ ਸੰਜੂ ਗੁਪਤਾ ਵੱਲੋਂ ਮਿਲ ਕੇ ਤਿਆਰ ਕੀਤੀ ਗਈ ਅਤੇ ਕਲੱਬ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਇਸ ਨੂੰ ਅਮਲੀ ਜਾਮਾ ਪਹਿਨਾਇਆ ਗਿਆ।

ਆਪਣੀ ਹੀ ਕਿਸਮ ਦੇ ਇਸ ਵੱਖਰੇ ਈਵੈਂਟ ਵਿਚ ਸੰਧੂਰਾ ਸਿੰਘ ਬਰਾੜ, ਜੈਪਾਲ ਸਿੱਧੂ, ਮਨਜੀਤ ਸਿੰਘ, ਸੰਜੂ ਗੁਪਤਾ, ਬਲਜਿੰਦਰ ਲੇਲਣਾ, ਸਰਬਜੀਤ ਕੌਰ ਲੇਲਣਾ, ਜਸਪਾਲ ਗਰੇਵਾਲ, ਚਰਨਜੀਤ ਕੌਰ ਗਰੇਵਾਲ, ਹਰਜੀਤ ਸਿੰਘ ਲੋਚਮ, ਬਲਕਾਰ ਸਿੰਘ ਹੇਅਰ, ਈਸ਼ਰ ਸਿੰਘ, ਹਰਬੰਸ ਬਰਾੜ, ਜਸਵੀਰ ਸਿੰਘ ਪਾਸੀ, ਪਰਦੀਪ ਕੌਰ ਪਾਸੀ, ਭੁਪਿੰਦਰ ਸਿੰਘ, ਮਨਜੀਤ ਨੌਟਾ, ਮਨਜੀਤ ਕੌਰ, ਬੇਅੰਤ ਬਰਾੜ, ਸੁਖਦੇਵ ਸਿੰਘ, ਰਾਕੇਸ਼ ਸ਼ਰਮਾ ਤੇ ਉਨ੍ਹਾਂ ਦੀ ਪੋਤਰੀ, ਡਾ. ਰਾਜਿੰਦਰ ਸਿੰਘ, ਧਿਆਨ ਸਿੰਘ ਸੋਹਲ, ਸਿਮਰਤਪਾਲ ਭੁੱਲਰ, ਪਲਵਿੰਦਰ ਚੌਹਾਨ, ਧਰਮ ਸਿੰਘ ਰੰਧਾਵਾ, ਸੁਰਿੰਦਰ ਨਾਗਰਾ, ਨਰਿੰਦਰਪਾਲ ਉਰਫ਼ ਪਾਲ ਬੈਂਸ, ਉਨ੍ਹਾਂ ਦੀ ਬੇਟੀ ਜੈਸਮੀਨ ਤੇ ਬੇਟੇ ਗੁਰਜੱਸ, ਮੋਹਿੰਦਰ ਪੰਨੂ, ਉਰਮਲ ਪੰਨੂ, ਸਤਿੰਦਰ ਛੱਤਵਾਲ, ਬੌਬੀ ਛੱਤਵਾਲ, ਉਦੈ ਭਾਸਕਰ ਗੁਗੀਲਾ, ਮਾਲਤੀ ਗੁਗੀਲਾ ਤੇ ਅਮੋਗ ਗੁਗੀਲਾ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਲੰਡਨ ਦੇ ਮੇਅਰ ਬੈਂਨ ਅਤੇ ਕਿਰਨ ਉਰਫ਼ ਜੈਸ ਨੇ 5 ਕਿਲੋਮੀਟਰ ਦੌੜ ਕੇ ਇਸ ਈਵੈਂਟ ਵਿਚ ਆਪਣਾ ਹਿੱਸਾ ਪਾਇਆ।

ਅਖ਼ੀਰ ਵਿਚ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਦੌੜ ਵਿਚ ਭਾਗ ਲੈਣ ਵਾਲੇ ਸਾਰੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਲੱਬ ਵੱਲੋਂ ਅਜਿਹੇ ਹੋਰ ਵੀ ਦੌੜ-ਕਮ-ਵਾੱਕ ਈਵੈਂਟਸ ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਤਾਂ ਜੋ ਕਰੋਨਾ ਦਾ ਮੁਕਾਬਲਾ ਕਰਨ ਲਈ ਸਰੀਰਾਂ ਨੂੰ ਤੰਦਰੁਸਤ ਤੇ ਰਿਸ਼ਟ-ਪੁਸ਼ਟ ਰੱਖਿਆ ਜਾ ਸਕੇ ਅਤੇ ਨੇੜ ਭਵਿੱਖ ਵਿਚ ਹਾਲਾਤ ਠੀਕ ਹੋਣ 'ਤੇ ਕਲੱਬ ਦੀਆਂ ਸਰਗ਼ਰਮੀਆਂ ਨੂੰ ਤੇਜ਼ ਕੀਤਾ ਜਾ ਸਕੇ।

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384



ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਹੈਲਪਰ ਦੀ ਲੋੜ ਹੈ

Construction Company
FULL TIME WORK
416-618-3358 | 905-789-7783



## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706


ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
SATISFACTION 100% GUARANTEE



ਹਰਜੀਤ ਧਨੋਆ
416.230.4000 • 647.409.1092
www.STARLANEPAINTING.com

# ਕੋਵਿਡ-19 ਲਈ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦਵਾਈਆਂ ਦੀ ਵਰਤੋਂ ਗੈਰਵਾਜਿਬ : ਐਫਡੀਏ

ਵਾਸ਼ਿੰਗਟਨ, 18 ਜੂਨ (ਪੋਸਟ ਬਿਊਰੋ) : ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫਡੀਏ) ਨੇ ਕੋਵਿਡ-19 ਦੇ ਇਲਾਜ ਵਜੋਂ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਨਾਂ ਦੀਆਂ ਦਵਾਈਆਂ ਦੀ ਵਰਤੋਂ ਨੂੰ ਗੈਰਵਾਜਿਬ ਦੱਸਦਿਆਂ ਇਨ੍ਹਾਂ ਦੀ ਐਮਰਜੰਸੀ ਵਰਤੋਂ ਨੂੰ ਰੱਦ ਕਰ ਦਿੱਤਾ ਹੈ।




ਹਾਈਡਰੋਕਲੋਰੋਕੁਇਨ ਦਾ ਪ੍ਰਚਾਰ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਅਕਸਰ ਕੋਵਿਡ-19 ਦੇ ਇਲਾਜ ਵਜੋਂ ਕੀਤਾ ਜਾ ਰਿਹਾ ਸੀ। ਉਨ੍ਹਾਂ ਵੱਲੋਂ ਇਸ ਦਵਾਈ ਦੀ ਖੁਦ ਵਰਤੋਂ ਕਰਨ ਦਾ ਦਾਅਵਾ ਵੀ ਕੀਤਾ ਜਾ ਰਿਹਾ ਸੀ। ਇਨ੍ਹਾਂ ਦਵਾਈਆਂ ਬਾਰੇ ਉਪਲਬਧ ਮੌਜੂਦਾ ਰਿਸਰਚ ਦਾ ਮੁਲਾਂਕਣ ਕਰਨ ਤੋਂ ਬਾਅਦ ਐਫਡੀਏ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਹ ਦਵਾਈ ਐਮਰਜੰਸੀ ਵਰਤੋਂ ਲਈ ਲੋੜੀਂਦੇ ਮਾਪਦੰਡ ਪੂਰੇ ਨਹੀਂ ਕਰਦੀ। ਐਫਡੀਏ ਵੱਲੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਇਹ ਦਵਾਈ ਕੋਵਿਡ-19 ਦੇ ਪ੍ਰਭਾਵਸ਼ਾਲੀ ਇਲਾਜ ਲਈ ਅਸਰਦਾਰ ਨਹੀਂ ਹੈ।

ਐਫਡੀਏ ਦੇ ਚੀਫ ਸਾਇੰਟਿਸਟ ਡੈਨਿਸ ਹਿੰਟਨ ਨੇ ਬਾਇਓਮੈਡੀਕਲ ਐਡਵਾਂਸਡ ਰਿਸਰਚ ਐਂਡ ਡਿਵੈਲਪਮੈਂਟ ਅਥਾਰਟੀ (ਬਾਰਡਾ) ਦੇ ਗੈਰੀ ਡਿਸਬ੍ਰੋਅ ਨੂੰ ਲਿਖੇ ਪੱਤਰ ਵਿੱਚ ਆਖਿਆ ਕਿ ਐਫਡੀਏ ਇਸ ਨਤੀਜੇ ਉੱਤੇ ਪਹੁੰਚੀ ਹੈ ਕਿ ਇਸ ਜਾਣਕਾਰੀ ਅਤੇ ਨਾਲ ਨੱਥੀ ਮੈਮੋਰੈਂਡਮ

ਵਿੱਚ ਵਿਚਾਰੀ ਗਈ ਜਾਣਕਾਰੀ ਅਨੁਸਾਰ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦੀ ਕੋਵਿਡ-19 ਦੇ ਇਲਾਜ ਲਈ ਵਰਤੋਂ ਦੀ ਕੋਈ ਤੁਕ ਨਹੀਂ ਰਹਿ ਜਾਂਦੀ। ਇਸ ਗੱਲ ਨੂੰ ਵੀ ਨਹੀਂ ਨਕਾਰਿਆ ਜਾ ਸਕਦਾ ਕਿ ਇਨ੍ਹਾਂ ਦਵਾਈਆਂ ਦੇ ਆਪਣੇ ਹੀ ਕੋਈ ਮਾੜੇ ਪ੍ਰਭਾਵ ਹੋ ਸਕਦੇ ਹਨ।

ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦੇ ਕੋਵਿਡ-19 ਦੇ ਮਰੀਜ਼ਾਂ ਵਿੱਚ ਦਿਲ ਦੀਆਂ ਗੰਭੀਰ ਸਮੱਸਿਆਵਾਂ ਤੇ ਹੋਰ ਮਾੜੇ ਪ੍ਰਭਾਵ ਵੀ ਵੇਖਣ ਨੂੰ ਮਿਲੇ ਹਨ। ਇਸ ਲਈ ਹਿੰਟਨ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਕੋਵਿਡ-19 ਦੇ ਇਲਾਜ ਲਈ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦੀ ਐਮਰਜੰਸੀ ਵਰਤੋਂ ਨੂੰ ਫੌਰੀ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ।ਸਿਹਤ ਮਾਹਿਰਾਂ ਦੀਆਂ ਵਾਰੀ ਵਾਰੀ ਦਿੱਤੀਆਂ ਜਾਣ ਵਾਲੀਆਂ ਚੇਤਾਵਨੀਆਂ ਦੇ ਬਾਵਜੂਦ ਇਸ ਦਹਾਕਿਆਂ ਪੁਰਾਣੀ ਦਵਾਈ ਦੀ ਪਿਛਲੇ ਕੁੱਝ ਹਫਤਿਆਂ ਵਿੱਚ ਲੋੜੋਂ ਵੱਧ ਵਿੱਕਰੀ ਦਰਜ ਕੀਤੀ ਗਈ ਹੈ। ਲੋਕ ਵੀ ਇਸ ਦਵਾਈ ਵੱਲ ਆਕਰਸ਼ਿਤ ਹੋ ਰਹੇ ਹਨ।

# ਕੈਨੇਡਾ ਤੇ ਅਮਰੀਕਾ ਦਰਮਿਆਨ 21 ਜੁਲਾਈ ਤੱਕ ਹੋਰ ਬੰਦ ਰਹੇਗੀ ਗੈਰ ਜ਼ਰੂਰੀ ਆਵਾਜਾਈ

ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਇੱਕ ਵਾਰੀ ਫਿਰ ਗੈਰ ਜ਼ਰੂਰੀ ਆਵਾਜਾਈ ਨੂੰ ਇੱਕ ਮਹੀਨੇ ਲਈ ਹੋਰ ਬੰਦ ਰੱਖਣ ਵਾਸਤੇ ਕੈਨੇਡਾ ਅਤੇ ਅਮਰੀਕਾ ਦਰਮਿਆਨ ਸਮਝੌਤਾ ਹੋ ਗਿਆ ਹੈ। ਇਹ ਐਲਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੀਤਾ।





ਇਸ ਸਮਝੌਤੇ ਵਿੱਚ ਵਾਧਾ ਹੋਣ ਦਾ ਭਾਵ ਇਹ ਹੈ ਕਿ ਹੁਣ 21 ਜੁਲਾਈ ਤੱਕ ਸਰਹੱਦੀ ਪਾਬੰਦੀਆਂ ਅਮਲ ਵਿੱਚ ਰਹਿਣਗੀਆਂ। ਫਿਰ ਭਾਵੇਂ ਦੋਵੇਂ ਦੇਸ਼ ਆਪੋ ਆਪਣੇ ਅਰਥਚਾਰਿਆਂ

ਨੂੰ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਹਨ। ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਇਹ ਇੱਕ ਅਹਿਮ ਫੈਸਲਾ ਹੈ ਜਿਹੜਾ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਸੁਰੱਖਿਅਤ ਰੱਖੇਗਾ।

ਇਸ ਸਮਝੌਤੇ ਤਹਿਤ ਵਣਜ ਤੇ ਵਪਾਰ ਤੋਂ ਛੋਟ ਰਹੇਗੀ, ਇਸ ਦੇ ਨਾਲ ਹੀ ਹੈਲਥ ਕੇਅਰ ਵਰਕਰਜ਼ ਜਿਵੇਂ ਕਿ ਨਰਸਾਂ, ਜਿਹੜੀਆਂ ਸਰਹੱਦ ਤੋਂ ਪਾਰ ਕੰਮ ਕਰਦੀਆਂ ਤੇ ਰਹਿੰਦੀਆਂ ਹਨ, ਲਈ ਵੀ ਛੋਟ ਹੋਵੇਗੀ। ਸੈਲਾਨੀਆਂ ਤੇ ਸਰਹੱਦੋਂ ਪਾਰ ਆਮ ਆਵਾਜਾਈ ਉੱਤੇ ਪਾਬੰਦੀ ਹੋਵੇਗੀ। ਇਹ ਤੀਜੀ ਵਾਰੀ ਹੈ ਜਦੋਂ ਸਮਝੌਤੇ ਵਿੱਚ ਵਾਧਾ ਕੀਤਾ ਗਿਆ ਹੈ। ਪਹਿਲੀ ਵਾਰੀ ਇਹ ਪਾਬੰਦੀਆਂ ਮਾਰਚ ਵਿੱਚ ਲਾਗੂ ਕੀਤੀਆਂ ਗਈਆਂ ਸਨ। ਹੁਣ ਵਾਲੀ ਪਾਬੰਦੀ 21 ਜੂਨ ਨੂੰ ਖ਼ਤਮ ਹੋਣ ਜਾ ਰਹੀ ਸੀ।

# ਮਾਹਿਰਾਂ ਵੱਲੋਂ ਸਕੂਲ ਖੋਲ੍ਹਣ ਲਈ ਜਾਰੀ ਕੀਤੀਆਂ ਗਈਆਂ ਸਿਫਾਰਸ਼ਾਂ

ਟੋਰਾਂਟੋ, 18 ਜੂਨ (ਪੋਸਟ ਬਿਊਰੋ) : ਬਾਕੀ ਰਹਿੰਦੇ ਸਕੂਲ ਵਰ੍ਹੇ ਲਈ ਭਾਵੇਂ ਸਾਰੇ ਸਕੂਲ ਬੰਦ ਰਹਿਣਗੇ ਪਰ ਕੈਨੇਡਾ ਦੇ ਸਭ ਤੋਂ ਲੀਡਿੰਗ ਬੱਚਿਆਂ ਦੇ ਹਸਪਤਾਲ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਸੇਫਟੀ ਸਬੰਧੀ ਕੁੱਝ ਕੁ ਦਿਸ਼ਾ ਨਿਰਦੇਸ਼ਾਂ ਦਾ ਪਾਲਨ ਕਰਕੇ ਸਕੂਲ ਖੋਲ੍ਹੇ ਜਾ ਸਕਦੇ ਹਨ।



ਬੁੱਧਵਾਰ ਨੂੰ ਟੋਰਾਂਟੋ ਦੇ ਹਾਸਪਿਟਲ ਫੌਰ ਸਿੱਕ ਚਿਲਡਰਨ (ਸਿੱਕ ਕਿੱਡਜ਼) ਦੇ ਐਡਵਾਈਜ਼ਰੀ ਗਰੁੱਪ ਵੱਲੋਂ ਸਕੂਲਾਂ ਨੂੰ ਖੋਲ੍ਹਣ ਲਈ ਜਾਰੀ ਕੀਤੀਆਂ ਗਈਆਂ ਸਿਫਾਰਿਸ਼ਾਂ ਵਿੱਚ ਕਈ ਵਿਸ਼ਿਆਂ ਨੂੰ ਛੋਹਿਆ ਗਿਆ। ਇਨ੍ਹਾਂ ਵਿੱਚ ਲੱਛਣਾਂ ਲਈ ਵਿਦਿਆਰਥੀਆਂ ਦੀ ਸਕਰੀਨਿੰਗ, ਹਥਾਂ ਦੀ ਸਹੀ ਸਾਫ ਸਫਾਈ, ਫੇਸ ਮਾਸਕਸ ਦੀ ਵਰਤੋਂ, ਫਿਜ਼ੀਕਲ ਡਿਸਟੈਂਸਿੰਗ (physical distancing), ਸਾਫ ਸਫਾਈ ਤੇ ਵੈਂਟੀਲੇਸ਼ਨ ਤੋਂ ਇਲਾਵਾ ਮਾਨਸਿਕ ਸਿਹਤ ਆਦਿ ਸ਼ਾਮਲ ਹਨ।

ਹਾਲਾਂਕਿ ਸਿੱਕਕਿੱਡਜ਼ ਦੇ ਮਾਹਿਰਾਂ ਨੇ ਇਹ ਸਵੀਕਾਰ ਕੀਤਾ ਕਿ ਮਹਾਂਮਾਰੀ ਦੇ ਸ਼ੁਰੂਆਤੀ ਦੌਰ ਵਿੱਚ ਸਕੂਲਾਂ ਨੂੰ ਬੰਦ ਰੱਖਿਆ ਜਾਣਾ ਵਾਜਿਬ ਸੀ ਪਰ ਉਨ੍ਹਾਂ ਆਖਿਆ ਕਿ ਵਿਦਿਆਰਥੀਆਂ ਦੇ ਸਕੂਲ ਜਾਏ ਬਿਨਾਂ ਵੀ ਉਨ੍ਹਾਂ ਦੀ ਸਿਹਤ ਉੱਤੇ ਮਾੜਾ ਪ੍ਰਭਾਵ ਪਵੇਗਾ ਤੇ ਅਜਿਹੀ ਸਥਿਤੀ ਦੇ ਮਾੜੇ ਨਤੀਜੇ ਨਿਕਲਣਗੇ। ਇਨ੍ਹਾਂ ਨਤੀਜਿਆਂ ਵਿੱਚ ਬੱਚਿਆਂ ਦੀ ਸਹੀ ਵੈਕਸੀਨੇਸ਼ਨ ਨਾ ਹੋ ਪਾਉਣਾ, ਕਿਸੇ ਬਿਮਾਰੀ ਨੂੰ ਡਾਇਗਨੋਜ਼ ਕਰਨ ਵਿੱਚ ਦੇਰ ਅਤੇ ਕੋਵਿਡ-19 ਤੋਂ ਇਲਾਵਾ ਕਿਸੇ ਤਰ੍ਹਾਂ ਦੀ ਮੈਡੀਕਲ ਸਥਿਤੀ ਸਾਹਮਣੇ ਨਾ ਆ ਪਾਉਣਾ, ਬੱਚਿਆਂ ਦੇ ਵਿਵਹਾਰ ਤੇ ਮਾਨਸਿਕ ਸਿਹਤ ਉੱਤੇ ਪ੍ਰਭਾਵ ਆਦਿ ਸ਼ਾਮਲ ਹਨ। ਇੱਥੇ ਹੀ ਬੱਸ ਨਹੀਂ ਇਸ ਦੌਰਾਨ ਬੱਚਿਆਂ ਦਾ ਸ਼ੋਸ਼ਣ ਤੇ ਹਿੰਸਾ ਦੇ ਮਾਮਲੇ ਵੀ ਵਧੇ ਹੋਣਗੇ ਤੇ ਉਨ੍ਹਾਂ ਨੂੰ ਅਣਗੌਲਿਆਂ ਕੀਤੇ ਜਾਣ ਦੇ ਮਾਮਲਿਆਂ ਵਿੱਚ ਵੀ ਵਾਧਾ ਹੋਇਆ ਹੋਵੇਗਾ।

ਮਾਹਿਰਾਂ ਨੇ ਇਹ ਵੀ ਆਖਿਆ ਕਿ ਜਿੱਥੋਂ ਤੱਕ ਬੱਚਿਆਂ ਵਿੱਚ ਕਰੋਨਾਵਾਇਰਸ ਸੰਕ੍ਰਮਣ ਦਾ ਸਵਾਲ ਹੈ ਤਾਂ ਦੁਨੀਆ ਭਰ ਤੋਂ ਸਾਹਮਣੇ ਆਈਆਂ ਕਈ ਰਿਪੋਰਟਾਂ ਇਹੋ ਦਰਸਾਉਂਦੀਆਂ ਹਨ ਕਿ ਇਸ ਮਹਾਂਮਾਰੀ ਦੀ ਚਪੇਟ ਵਿੱਚ ਬੱਚੇ ਘੱਟ ਹੀ ਆਏ ਹਨ। ਬਹੁਗਿਣਤੀ ਬੱਚਿਆਂ ਵਿੱਚ ਇਸ ਦੇ ਕੋਈ ਲੱਛਣ ਵੇਖਣ ਨੂੰ ਨਹੀਂ ਮਿਲੇ ਜਾਂ ਫਿਰ ਮਾਮੂਲੀ ਲੱਛਣ ਹੀ ਵੇਖਣ ਨੂੰ ਮਿਲੇ ਹਨ। ਕੈਨੇਡਾ ਵਿੱਚ ਕੋਵਿਡ-19 ਕਾਰਨ ਕਿਸੇ ਵੀ ਬੱਚੇ ਦੀ ਮੌਤ ਹੁਣ ਤੱਕ ਨਹੀਂ ਹੋਈ।

ਮਾਹਿਰਾਂ ਨੇ ਇਹ ਵੀ ਆਖਿਆ ਕਿ 15 ਜੂਨ ਤੱਕ ਕੈਨੇਡਾ ਵਿੱਚ ਕੋਵਿਡ-19 ਦੇ 98,605 ਕੇਸ ਪਾਏ ਗਏ ਹਨ। ਇਨ੍ਹਾਂ ਵਿੱਚੋਂ 0 ਤੋਂ 19 ਸਾਲ ਦੇ 6,824 (6.9 ਫੀ ਸਦੀ) ਬੱਚਿਆਂ ਵਿੱਚ ਹੀ ਕਰੋਨਾਵਾਇਰਸ ਪਾਇਆ ਗਿਆ। ਉਨ੍ਹਾਂ ਆਖਿਆ ਕਿ ਸਬੂਤ ਦੱਸਦੇ ਹਨ ਕਿ ਇਹ ਬਿਮਾਰੀ ਬੱਚਿਆਂ ਨੂੰ ਘੱਟ ਹੁੰਦੀ ਹੈ ਤੇ ਇਸ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਉਹ ਇਸ ਬਿਮਾਰੀ ਨੂੰ ਅੱਗੇ ਫੈਲਾਉਣ ਵਿੱਚ ਸਮਰਥ ਹਨ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦ A/Z City Drivers Needed
◦ Good Pay and good Mileage
◦ Day, Afternoon & Weekend Shifts
◦ Weekly Pay
$22 /Hour
◦ 7 Days Work ◦ All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਫਿਲਮੀ ਦੁਨੀਆਂ

## ਔਕੜਾਂ ਅਤੇ ਉਮੀਦਾਂ ਦਾ ਸਮਾਂ : ਸਵਰਾ



ਬਾਲੀਵੁੱਡ ਅਭਿਨੇਤਰੀ ਸਵਰਾ ਭਾਸਕਰ ਨੇ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਤੋਂ ਬਿਹਾਰ ਆਪਣੇ ਘਰ ਵਾਲੇ 22 ਮਜ਼ਦੂਰਾਂ ਦੀ ਮਦਦ ਕੀਤੀ ਹੈ। ਸਵਰਾ ਨੇ ਕਿਹਾ, 'ਮੈਂ ਆਪਣੇ ਟਵਿੱਟਰ ਅਕਾਊਂਟ ਦਾ ਉਪਯੋਗ ਕੋਵਿਡ 19 ਦੇ ਲਈ ਰਚਨਾਤਮਕ ਅਤੇ ਰਾਹਤ ਯਤਨਾਂ ਵਿੱਚ ਹਿੱਸਾ ਲੈਣ ਲਈ ਮੰਚ ਵਜੋਂ ਕਰ ਰਹੀ ਹਾਂ। ਮੈਂ ਵੱਖ-ਵੱਖ ਗਰੁੱਪਾਂ ਅਤੇ ਲੋਕਾਂ ਦੇ ਨਾਲ ਜੁੜੀ ਹੋਈ ਹਾਂ ਅਤੇ ਫਿਰ ਮੈਨੂੰ ਵਾਈਜੈਗ ਵਿੱਚ ਫਸੇ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦੇ ਬਾਰੇ ਪਤਾ ਲੱਗਾ।''<ਸਵਰਾ ਮੰਨਦੀ ਹੈ ਕਿ ਇਹ ਇੱਕ ਬੇਹੱਦ ਔਖਾ ਸਮਾਂ ਹੈ, ਪਰ ਇਸ ਦੌਰਾਨ ਉਮੀਦਾਂ ਵੀ ਬਣੀਆਂ ਹੋਈਆਂ ਹਨ। ਉਹ ਅੱਗੇ ਕਹਿੰਦੀ ਹੈ, ''ਮੈਂ ਪੁਲ ਅਤੇ ਵਿਸ਼ੇਸ਼ ਰੂਪ ਤੋਂ ਆਈ ਪੀ ਐੱਸ ਵਿਸ਼ਾਲ ਗੁੰਨੀ ਵੱਲੋਂ ਕੀਤੀ ਇਸ ਪੂਰੀ ਤੁਰੰਤ ਕਾਰਵਾਈ ਤੋਂ ਬੇਹੱਦ ਖੁਸ਼ ਹਾਂ। ਉਹ ਵਾਈਜਾਗ ਦੇ ਜ਼ਿਲਾ ਕੁਲੈਕਟਰ ਦੇ ਨਾਲ ਸੰਪਰਕ ਵਿੱਚ ਰਹੇ ਅਤੇ ਚਾਰ-ਪੰਜ ਦਿਨ ਵਿੱਚ ਇਹ ਪ੍ਰਕਿਰਿਆ ਪੂਰੀ ਕਰ ਦਿੱਤੀ। ਇਸ ਦੌਰਾਨ ਮੈਂ ਪਰਵਾਸੀ ਮਜ਼ਦੂਰਾਂ ਦੇ ਨਾਲ ਸੰਪਰਕ ਵਿੱਚ ਰਹੀ ਤੇ ਉਨ੍ਹਾਂ ਦੇ ਪ੍ਰੋਜੈਕਟ ਮੈਨੇਜਰ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਪੂਰਾ ਭੁਗਤਾਨ ਕਰਾਇਆ, ਜੋ ਬੇਹੱਦ ਸਹਿਯੋਗੀ ਰਹੇ।''

## ਮਾਨਵੀ ਗਾਗਰੂ ਨੂੰ ਜਲਦੀ ਆਉਂਦਾ ਹੈ ਗੁੱਸਾ



ਟੀ ਵੀ ਐੱਫ ਫੇਮ ਵਾਲੀ ਅਭਿਨੇਤਰੀ ਮਾਨਵੀ ਗਾਗਰੂ ਪਿੱਛੇ ਜਿਹੇ 'ਉੜਤਾ ਚਮਨ' ਅਤੇ 'ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆਈ ਹੈ। ਵੈਬ ਸੀਰੀਜ਼ 'ਫੋਰ ਮੋਰ ਸ਼ਾਟਸ ਪਲੀਜ਼' ਦੇ ਦੋਵਾਂ ਸੀਜ਼ਨਾਂ ਵਿੱਚ ਉਸ ਦਾ ਕੰਮ ਪਸੰਦ ਕੀਤਾ ਗਿਆ ਹੈ। ਪਹਿਲੇ ਸੀਜਨ ਵਿੱਚ ਮੋਟਾਪੇ ਨੂੰ ਲੈ ਕੇ ਉਸ ਦੀ ਮਾਂ ਤਾਅਨੇ ਦਿੰਦੀ ਹੈ। ਦੋਵਾਂ ਵਿੱਚ ਅਕਸਰ ਬਹਿਸ ਹੁੰਦੀ ਹੈ। ਦੂਸਰੇ ਸੀਜ਼ਨ ਵਿੱਚ ਮਾਂ ਦਾ ਸੁਭਾਅ ਬਦਲ ਜਾਂਦਾ ਹੈ। ਮਾਨਵੀ ਮੁਤਾਬਕ ਅਸਲ ਜ਼ਿੰਦਗੀ ਵਿੱਚ ਉਸ ਮਾਂ-ਪਿਤਾ ਦਾ ਸੁਭਾਅ ਇੱਕ ਦੂਸਰੇ ਦੇ ਉਲਟ ਹੈ। ਉਸ ਨੇ ਦੋਵਾਂ ਤੋਂ ਵੱਖ-ਵੱਖ ਚੀਜ਼ਾਂ ਸਿੱਖੀਆਂ ਹਨ। ਪਿਤਾ ਦੀ ਤਰ੍ਹਾਂ ਉਸ ਨੂੰ ਵੀ ਬਹੁਤ ਜਲਦੀ ਗੁੱਸਾ ਆਉਂਦਾ ਹੈ ਤੇ ਆਪਣੇ ਪਿਤਾ ਵਾਂਗ ਉਹ ਹਰ ਚੀਜ਼ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਪਹਿਲੂਆਂ ਨੂੰ ਦੇਖਦੀ ਹੈ, ਜਦ ਕਿ ਉਸ ਦੀ ਮਾਂ ਨੂੰ ਗੁੱਸਾ ਨਹੀਂ ਆਉਂਦਾ, ਉਹ ਜਦ ਵੀ ਗੁੱਸੇ ਹੁੰਦੀ ਹੈ ਤਾਂ ਸਿਰਫ ਮੁੱਦੇ 'ਤੇ ਬਹਿਸ ਕਰਦੀ ਹੈ। ਸਿਰਫ ਮੁੱਦੇ 'ਤੇ ਗੱਲ ਕਰਨ ਦੀ ਸਿਖਿਆ ਉਸ ਨੂੰ ਆਪਣੀ ਮਾਂ ਤੋਂ ਮਿਲੀ ਹੈ। ਉਸ ਨੇ ਦੱਸਿਆ ਕਿ ਬਚਪਨ ਵਿੱਚ ਆਪਣੇ ਕਰੀਅਰ ਬਾਰੇ ਉਹ ਨਿਸ਼ਚਿਤ ਨਹੀਂ ਸੀ। ਸਕੂਲ ਦੇ ਦਿਨਾਂ ਵਿੱਚ ਉਹ ਡਾਕਟਰ ਬਣਨਾ ਚਾਹੁੰਦੀ ਸੀ, ਪਰ ਡਾਕਟਰੀ ਦੀ ਪੜ੍ਹਾਈ ਦੇ ਬਾਰੇ ਜਾਨਣ ਦੇ ਬਾਅਦ ਉਸ ਨੇ ਇਹ ਵਿਚਾਰ ਛੱਡ ਦਿੱਤਾ ਤੇ ਮਨੋਵਿਗਿਆਨਕ ਬਣਨ ਬਾਰੇ ਸੋਚਿਆ। ਇਸ ਦੇ ਲਈ ਉਨ੍ਹਾਂ ਨੇ ਮਨੋਵਿਗਿਆਨ ਦੀ ਪੜ੍ਹਾਈ ਵੀ ਕੀਤੀ। ਇਸ ਦੌਰਾਨ ਐਕਟਿੰਗ ਪ੍ਰਤੀ ਉਸ ਦੀ ਦਿਲਚਸਪੀ ਵਧੀ ਅਤੇ ਉਸ ਨੇ ਐਕਟਰ ਬਣਨ ਦਾ ਫੈਸਲਾ ਕਰ ਲਿਆ।

## ਰਸਿਕਾ ਨੇ ਪਤੀ ਨਾਲ ਘਰ ਹੀ ਸ਼ੂਟ ਕੀਤੀ ਸ਼ਾਰਟ ਫਿਲਮ



ਅਭਿਨੇਤਰੀ ਰਸਿਕਾ ਦੁੱਗਲ ਪਹਿਲੀ ਵਾਰ ਆਪਣੇ ਪਤੀ ਮੁਕੁਲ ਚੱਢਾ ਨਾਲ ਸ਼ਾਰਟ ਫਿਲਮ 'ਬਨਾਨਾ ਬ੍ਰੈੱਡ' ਵਿੱਚ ਨਜ਼ਰ ਆਏਗੀ। ਇਸ ਲਾਕਡਾਊਨ ਵਿੱਚ ਸਮੇਂ ਦੀ ਸਹੀ ਵਰਤੋਂ ਕਰਦੇ ਹੋਏ ਉਸ ਨੇ ਖੁਦ ਪਤੀ ਦੇ ਨਾਲ ਮਿਲ ਕੇ ਇਹ ਸ਼ਾਰਟ ਫਿਲਮ ਬਣਾਈ ਹੈ। ਉਹ ਕਹਿੰਦੀ ਹੈ, ''ਲਾਕਡਾਊਨ ਵਿੱਚ ਮੈਂ ਮਹਿਸੂਸ ਕੀਤਾ ਕਿ ਕੁਝ ਨਵਾਂ ਕਰਨਾ ਚਾਹੀਦਾ ਹੈ। ਤਦ ਮੈਂ ਮੁਕੁਲ ਨਾਲ ਪਲਾਨ ਬਣਾਇਆ ਅਤੇ ਅਸੀਂ ਘਰ ਵਿੱਚ ਹੀ ਸ਼ਾਰਟ ਫਿਲਮ ਸ਼ੂਟ ਕੀਤੀ। ਇਹ ਕਾਫੀ ਚੈਲੇਂਜਿੰਗ ਅਤੇ ਮਜ਼ੇਦਾਰ ਰਿਹਾ। ਸ਼ੂਟ ਕਰਨ ਦੇ ਲਈ ਫ੍ਰੇਮ ਸੈਟ ਕਰਨ ਤੋਂ ਲੈ ਕੇ ਪ੍ਰਾਪਸ ਦੀ ਵਿਵਸਥਾ, ਸਾਊਂਡ ਰਿਕਾਰਡ, ਹੇਅਰ ਅਤੇ ਮੇਕਅਪ ਦਾ ਧਿਆਨ ਰੱਖਣ। ਸਾਰੇ ਕੰਮ ਅਸੀਂ ਖੁਦ ਮਿਲ ਕੇ ਕੀਤੇ। ਇਸ ਦੇ ਇਲਾਵਾ ਲੇਖਨ ਖੇਤਰ ਵਿੱਚ ਇਹ ਮੇਰਾ ਪਹਿਲੀ ਕੋਸ਼ਿਸ਼ ਹੈ।''


## ਰਾਮ ਗੋਪਲ ਵਰਮਾ ਦੀਆਂ ਨਵੀਆਂ ਫਿਲਮਾਂ ਦੇ ਅਨੋਖੇ ਨਾਂਅ




ਇੱਕ ਪਾਸੇ ਸਿਨੇਮਾਘਰ ਬੰਦ ਹਨ ਅਤੇ ਦੂਸਰੇ ਪਾਸੇ ਰਾਮ ਗੋਪਾਲ ਵਰਮਾ ਨੇ ਆਪਣੇ ਆਨਲਾਈਨ ਪਲੇਟਫਾਰਮ ਆਰ ਜੀ ਵੀ ਵਰਲਡ ਥੀਏਟਰ ਲਈ ਦੋ ਫਿਲਮਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਫਿਲਮਾਂ ਦੇ ਨਾਂਅ ਕਾਫੀ ਦਿਲਚਸਪ ਹਨ। ਇੱਕ ਫਿਲਮ ਦਾ ਨਾਂਅ ਹੈ 'ਦ ਮੈਨ ਹੂ ਕਿਲਡ ਗਾਂਧੀ' ਅਤੇ ਦੂਸਰੀ ਦਾ ਨਾਂਅ 'ਕਿਡਨੈਪਿੰਗ ਆਫ ਕੈਟਰੀਨਾ ਕੈਫ' ਹੈ। ਫਿਲਮ 'ਕਲਾਈਮੈਕਸ' ਨੂੰ ਆਨਲਾਈਨ ਰਿਲੀਜ਼ ਕਰਨ ਪਿੱਛੋਂ ਉਨ੍ਹਾਂ ਨੇ ਦੋਵਾਂ ਫਿਲਮਾਂ ਦਾ ਐਲਾਨ ਕਰ ਦਿੱਤਾ ਹੈ। ਰਾਮੂ ਨੇ ਟਵਿੱਟਰ 'ਤੇ ਇਨ੍ਹਾਂ ਦੋਵਾਂ ਫਿਲਮਾਂ ਦਾ ਪੋਸਟਰ ਰਿਲੀਜ਼ ਕਰ ਕੇ ਲਿਖਿਆ, ਥੀਏਟਰ ਭੁੱਲ ਜਾਓ, ਸਿਨੇਮਾ ਦਾ ਭਵਿੱਖ ਓ ਟੀ ਟੀ ਵੀ ਨਹੀਂ ਹੈ। ਇਹ ਕੇਵਲ ਪ੍ਰਸਨਲ ਐਪ 'ਤੇ ਉਪਲਬਧ ਹੋਵੇਗਾ। ਉਨ੍ਹਾਂ ਨੇ ਟਵਿੱਟਰ 'ਤੇ ਇਹ ਵੀ ਦੱਸਿਆ ਕਿ ਆਪਣੇ ਨਿੱਜੀ ਪਲੇਟਫਾਰਮ 'ਤੇ ਕਲਾਈਮੈਕਸ ਫਿਲਮ ਦੀ ਸਫਲਤਾ ਦੇ ਬਾਅਦ ਉਨ੍ਹਾਂ ਨੂੰ ਲੱਗਾ ਹੈ ਕਿ ਉਨ੍ਹਾਂ ਨੇ ਇੱਕ ਵਾਰ ਫਿਰ ਆਪਣਾ ਕਰੀਅਰ ਸ਼ੁਰੂ ਕੀਤਾ ਹੈ। ਉਨ੍ਹਾਂ ਇਹ ਵੀ ਲਿਖਿਆ ਕਿ ਇੰਤਜ਼ਾਰ ਕਰੋ ਤੇ ਦੇਖੋ ਕਿ ਮੈਂ ਕਿਹੋ ਜਿਹਾ ਕੰਟੈਂਟ ਆਰ ਜੀ ਵੀ ਵਰਲਡ ਥੀਏਟਰ ਉੱਤੇ ਪਾਵਾਂਗਾ।

# ਲੋਕਾਂ ਨੂੰ ਕੋਵਿਡ-19 ਤੋਂ ਸੁਰੱਖਿਅਤ ਰੱਖਣ ਲਈ ਤੁਸੀਂ ਫਰਕ ਲਿਆ ਰਹੇ ਹੋ

ਸਾਨੂੰ ਸਾਰਿਆਂ ਨੂੰ ਇੱਕ ਦੂਜੇ ਦੀ ਰੱਖਿਆ ਲਈ ਆਪਣੇ ਯਤਨ ਜਾਰੀ ਰੱਖਣ ਦੀ ਲੋੜ ਹੈ।



ਜੇ ਤੁਸੀਂ ਚਿੰਤਤ ਹੋ ਕਿ ਤੁਹਾਨੂੰ ਕੋਵਿਡ-19 ਹੋ ਸਕਦਾ ਹੈ ਜਾਂ ਵਾਇਰਸ ਦੇ ਸੰਪਰਕ ਵਿੱਚ ਆਏ ਹੋ ਸਕਦੇ ਹੋ, ਤਾਂ **ਟੈਸਟ ਕਰਵਾਓ।**




**ਸਰੀਰਕ ਦੂਰੀ ‘ਤੇ ਅਮਲ ਕਰੋ**, ਦੋ ਮੀਟਰ ਦੀ ਦੂਰੀ ਤੇ ਰਹੋ।



ਜਦੋਂ ਸਰੀਰਕ ਦੂਰੀ ਇੱਕ ਚੁਣੌਤੀ ਹੋਵੇ, ਤਾਂ **ਚਿਹਰੇ ਦੀ ਕਵਰਿੰਗ ਪਹਿਨੋ।**



**ਅਕਸਰ ਹੱਥ ਧੋਣਾ** ਜਾਰੀ ਰੱਖੋ।

**ਅੰਦਰ ਜਾਂ ਬਾਹਰ, ਸੁਰੱਖਿਅਤ ਰਹੋ। ਜਾਨਾਂ ਬਚਾਓ।**

**ontario.ca/coronavirus** ‘ਤੇ ਜਾਓ
ਓਨਟੈਰੀਓ ਸਰਕਾਰ ਦੁਆਰਾ ਭੁਗਤਾਨ ਕੀਤਾ ਗਿਆ

Ontario

